
ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਸਾਲ-1, ਅੰਕ-2, ਮਾਸਿਕ • ਮਾਰਚ 2012
₹ 10



ਭਗਤ ਸਿੰਘ ਦੇ 81ਵੇਂ ਸ਼ਹਾਦਤ ਦਿਵਸ ਤੇ।



''ਭਾਰਤੀ ਰੀਪਬਲਿਕ ਦੇ ਨੌਜਵਾਨੋ-ਨਹੀਂ ਸਿਪਾਹੀਓ- ਕਤਾਰ ਬੱਧ ਹੋ ਜਾਓ। ਆਰਾਮ ਨਾਲ ਨਾ ਖੜ੍ਹੇ ਹੋਵੋ। ਐਵੇਂ ਆਪਣੀਆਂ ਲੱਤਾਂ ਨਾ ਦਬਾਓ। ਲੰਬੀ ਦਲਿੱਦਰਤਾ ਜੋ ਤੁਹਾਨੂੰ ਨਕਾਰਾ ਕਰ ਰਹੀ ਹੈ, ਨੂੰ ਸਦਾ ਲਈ ਆਪਣੇ ਤੋਂ ਲਾਂਭੇ ਕਰ ਦਿਉ। ਤੁਹਾਡਾ ਬਹੁਤ ਹੀ ਨੇਕ ਮਿਸ਼ਨ ਹੈ। ਦੇਸ਼ ਦੇ ਹਰ ਕੋਨੇ ਤੇ ਦਿਸ਼ਾ ਵਿੱਚ ਖਿੱਲਰ ਜਾਓ ਅਤੇ ਭਵਿੱਖ ਦੇ ਇਨਕਲਾਬ ਲਈ ਜਿਸਦਾ ਆਉਣਾ ਨਿਸ਼ਚਿਤ ਹੈ, ਵਾਸਤੇ ਲੋਕਾਂ ਨੂੰ ਤਿਆਰ ਕਰੋ। ਫਰਜ਼ ਦੇ ਬਿਗਲ ਦੀ ਆਵਾਜ਼ ਸੁਣੋ। ਐਵੇਂ ਵਿਹਲਿਆਂ ਜ਼ਿੰਦਗੀ ਨਾ ਗੁਆਓ। ਵਧੋ! ਤੁਹਾਡੀ ਜ਼ਿੰਦਗੀ ਦਾ ਹਰ ਮਿੰਟ ਇਸ ਤਰ੍ਹਾਂ ਦੇ ਤਰੀਕੇ ਤੇ ਤਰਕੀਬਾਂ ਲੱਭਣ ਵਿੱਚ ਲੱਗਣਾ ਚਾਹੀਦਾ ਹੈ ਕਿ ਕਿਵੇਂ ਆਪਣੀ ਪੁਰਤਾਨ ਧਰਤੀ ਦੀਆਂ ਅੱਖਾਂ ਵਿੱਚ ਜਵਾਲਾ ਜਾਗੇ ਅਤੇ ਇਕ ਵੱਡੀ ਉਬਾਸੀ ਲੈ ਕੇ ਇਹ ਜਾਗੇ। ਅੰਗਰੇਜ਼ ਸਾਮਰਾਜ ਦੇ ਖਿਲਾਫ਼ ਨੌਜਵਾਨਾਂ ਦੇ ਉਪਜਾਊ ਮਨਾਂ ਵਿੱਚ ਇੱਕ ਉਕਸਾਹਟ ਤੇ ਨਫ਼ਰਤ ਭਰ ਦਿਓ। ਐਸੇ ਬੀਜ ਪਾਓ, ਜਿਹੜੇ ਉੱਗਣ ਅਤੇ ਵੱਡੇ ਦਰਖ਼ਤ ਬਣ ਜਾਣ ਕਿਉਂਕਿ ਇਹਨਾਂ ਬੀਜਾਂ ਨੂੰ ਤੁਸੀਂ ਆਪਣੇ ਗਰਮ ਖ਼ੂਨ ਦਾ ਪਾਣੀ ਪਾਵੋਗੇ। ਤਦ ਇੱਕ ਭਿਆਨਕ ਭੂਚਾਲ ਆਵੇਗਾ ਜੋ ਵੱਡੇ ਧਮਾਕੇ ਨਾਲ ਗਲਤ ਚੀਜ਼ਾਂ ਬਰਬਾਦ ਕਰੇਗਾ ਅਤੇ ਸਾਮਰਾਜਵਾਦ ਦੇ ਮਹਿਲ ਨੂੰ ਕੁਚਲ ਕੇ ਘੱਟੇ ਵਿੱਚ ਮਿਲਾ ਦੇਵੇਗਾ ਅਤੇ ਇਹ ਤਬਾਹੀ ਮਹਾਨ ਹੋਵੇਗੀ। ਤਦੋਂ ਅਤੇ ਸਿਰਫ਼ ਤਦੋਂ ਇਕ ਨਵੀਂ ਭਾਰਤੀ ਕੌਮ ਜਾਗੇਗੀ, ਜੋ ਇਨਸਾਨੀਅਤ ਨੂੰ ਹੈਰਾਨ ਕਰ ਦੇਵੇਗੀ, ਆਪਣੇ ਗੁਣਾਂ ਅਤੇ ਸ਼ਾਨ ਨਾਲ। ਸਿਆਣਾ ਅਤੇ ਤਾਕਤਵਰ, ਸਾਦਾ ਤੇ ਕਮਜ਼ੋਰ ਲੋਕਾਂ ਤੋਂ ਹੈਰਾਨ ਰਹਿ ਜਾਵੇਗਾ।

ਵਿਅਕਤੀਗਤ ਮੁਕਤੀ ਵੀ ਤਾਂ ਹੀ ਸੁਰੱਖਿਅਤ ਹੋਵੇਗੀ ਜੇ ਕਿਰਤੀ ਦੀ ਸਰਦਾਰੀ ਤੇ ਪ੍ਰਭੂਸੱਤਾ ਨੂੰ ਸਤਿਕਾਰਿਆ ਜਾਵੇਗਾ। ਅਸੀਂ ਅਜਿਹੇ ਇਨਕਲਾਬ ਦੇ ਆਉਣ ਦਾ ਸੁਨੇਹਾ ਦੇ ਰਹੇ ਹਾਂ। ਇਨਕਲਾਬ ਅਮਰ ਰਹੇ!!!''

(ਹਿੰਦੋਸਤਾਨ ਸੋਸ਼ਲਿਸ਼ਟ ਰੀਪਬਲਿਕਨ ਐਸੋਸੀਏਸ਼ਨ ਦਾ ਮੈਨੀਫੈਸਟੋ ਵਿੱਚੋਂ)

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ – ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ – ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖ਼ੌਫ਼ ਐਲਾਨ ਹੈ।

ਇਸ ਅੰਕ ’ਚ

ਤਬਦੀਲੀ ਪਸੰਦ ਨੌਜਵਾਨਾਂ ਦੀ **ਲਲਕਾਰ**

ਸਾਲ 1, **ਅੰਕ** 2

ਮਾਰਚ 2012

ਸੰਪਾਦਕ
ਲਖਵਿੰਦਰ

ਇੱਕ ਕਾਪੀ ਦਾ ਮੁੱਲ
ਦਸ ਰੁਪਏ
ਸਾਲਾਨਾ ਚੰਦਾ
120 ਰੁਪਏ
(ਡਾਕ ਰਾਹੀਂ 150 ਰੁਪਏ)

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ਼, ਸਰਹਿੰਦ ਸ਼ਹਿਰ, ਜ਼ਿਲ੍ਹਾ – ਫਤਿਹਗੜ੍ਹ ਸਾਹਿਬ-140406, ਪੰਜਾਬ।

ਫੋਨ ਨੰ. - 9646150249 **ਈਮੇਲ:** lalkaar08@rediffmail.com

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ – ਫਤਿਹਗੜ੍ਹ ਸਾਹਿਬ-140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ

ਵਿਧਾਨ ਸਭਾ ਚੋਣਾਂ

ਕੋਈ ਜਿੱਤੇ ਕੋਈ ਹਾਰੇ,
ਇਸ ਨਾਲ਼ ਮਿਹਨਤੀ ਲੋਕਾਂ ਦੀ ਹਾਲਤ ਨਹੀਂ ਸੁਧਰੇਗੀ,
ਮਿਹਨਤੀ ਲੋਕਾਂ ਦੀ ਮੁਕਤੀ ਵੋਟਾਂ ਜ਼ਰੀਏ ਨਹੀਂ,
ਜੱਥੇਬੰਦੀ ਅਤੇ ਸੰਘਰਸ਼ਾਂ ਰਾਹੀਂ ਹੀ ਸੰਭਵ ਹੋ ਸਕੇਗੀ।

ਪੰਜਾਬ ਸਮੇਤ ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਨੇਪਰੇ ਚੜ੍ਹ ਚੁੱਕੀਆਂ ਹਨ। ਇਸ ਸਮੇਂ ਲੋਕਾਂ ਦੀ 'ਰਜ਼ਾ' ਵੋਟ ਪੇਟੀਆਂ 'ਚ ਕੈਦ ਹੈ। 'ਲਲਕਾਰ' ਦਾ ਇੱਕ ਅੰਕ ਤੁਹਾਡੇ ਹੱਥਾਂ ਤੱਕ ਪਹੁੰਚਣ ਤੱਕ ਚੋਣ ਨਤੀਜੇ ਸਾਹਮਣੇ ਆ ਚੁੱਕੇ ਹੋਣਗੇ। ਇਹ ਫੈਸਲਾ ਹੋ ਚੁੱਕਾ ਹੋਵੇਗਾ ਕਿ ਆਉਣ ਵਾਲ਼ੇ ਪੰਜ ਸਾਲ ਇਨ੍ਹਾਂ ਸੂਬਿਆਂ 'ਚ ਸਰਮਾਏਦਾਰ ਜਮਾਤ ਦੀ ਪ੍ਰਬੰਧਕੀ ਕਮੇਟੀ ਦੀ ਜ਼ਿੰਮੇਵਾਰੀ ਕਿਹੜੀ ਪਾਰਟੀ ਨਿਭਾਏਗੀ। ਜਿਹੜੀ ਵੀ ਪਾਰਟੀ ਦੀ ਜਿੱਤ ਜਾਂ ਹਾਰ ਹੋਵੇਗੀ ਉਹਨਾਂ ਸਭ ਪਾਰਟੀਆਂ ਦਾ ਰਾਜ ਲੋਕ ਹੰਢਾ ਚੁੱਕੇ ਹਨ। ਪੰਜਾਬ ਦੀ ਗੱਲ ਕਰੀਏ ਤਾਂ ਅਕਾਲੀਆਂ ਜਾਂ ਕਾਂਗਰਸੀਆਂ 'ਚੋਂ ਹੀ ਕੋਈ ਕੁਰਸੀ ਸੰਭਾਲੇਗਾ। ਪਿਛਲੇ 60 ਸਾਲ ਤੋਂ ਭਾਰਤ ਦੇ ਲੋਕ ਇਸ ਪਾਰਲੀਮਾਨੀ ਧੋਖੇ ਦਾ ਸ਼ਿਕਾਰ ਹੁੰਦੇ ਆ ਰਹੇ ਹਨ ਅਤੇ ਇੱਕ ਵਾਰ ਉਹ ਫਿਰ ਇਸ ਧੋਖੇ ਦਾ ਸ਼ਿਕਾਰ ਹੋਏ ਹਨ। ਪਰ ਇਸ ਨਾਲ਼ ਆਮ ਮਿਹਨਤੀ ਲੋਕਾਂ, ਸ਼ਹਿਰੀ ਅਤੇ ਪੇਂਡੂ ਮਜ਼ਦੂਰਾਂ, ਗਰੀਬ ਕਿਸਾਨ, ਮੱਧ ਵਰਗ ਦੇ ਮੰਦੜੇ ਹਾਲ ਨਹੀਂ ਬਦਲਣਗੇ। ਸਗੋਂ ਕਈ ਅਰਥਾਂ ਵਿੱਚ ਤਾਂ ਉਨ੍ਹਾਂ ਦੀ ਹਾਲਤ ਹੋਰ ਵੀ ਭੈੜੀ ਹੀ ਹੋਵੇਗੀ। ਬੇਰੁਜ਼ਗਾਰਾਂ ਦੀ ਲੰਬੀ ਲਾਈਨ ਵਿੱਚ ਲੱਗਣ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਅਤੇ ਪੜ੍ਹ ਲਿਖ ਕੇ ਪਹਿਲਾਂ ਤੋਂ ਹੀ ਬੇਰੁਜ਼ਗਾਰੀ ਦੀ ਚੱਕੀ ਵਿੱਚ ਪਿਸ ਰਹੇ ਬੇਰੁਜ਼ਗਾਰਾਂ ਦੇ ਰੁਜ਼ਗਾਰ ਦਾ ਵੀ ਕੋਈ ਵਸੀਲਾ ਨਹੀਂ ਬਣਨ ਜਾ ਰਿਹਾ ਸਗੋਂ ਆਉਣ ਵਾਲ਼ੇ ਦਿਨਾਂ ਵਿੱਚ ਰੁਜ਼ਗਾਰ ਦੀ ਅਨਿਸ਼ਚਿਤਾ ਹੋਰ ਵੀ ਵਧੇਗੀ। ਇਸ ਦੀ ਵਜ੍ਹਾ ਇਹ ਹੈ ਕਿ ਦੇਸ਼ ਦੀ ਹਾਕਮ ਜਮਾਤ ਨੇ ਉਦਾਰੀਕਰਨ-ਨਿੱਜੀਕਰਨ ਅਤੇ ਵਿਸ਼ਵੀਕਰਨ ਦੀਆਂ ਜੋ ਨੀਤੀਆਂ ਅਪਣਾਈਆਂ ਹਨ, ਉਹਨਾਂ ਉੱਪਰ ਸਭੇ ਪਾਰਲੀਮਾਨੀ ਪਾਰਟੀਆਂ ਇੱਕਮਤ ਹਨ। ਅਤੇ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਲਈ ਇੱਕ ਦੂਜੀ ਤੋਂ ਅੱਗੇ ਵੱਧ ਕੇ ਲੋਕਾਂ ਉੱਪਰ ਜ਼ਬਰ ਢਾਹੁੰਦੀਆਂ ਹਨ ਤਾਂ ਕਿ ਆਪਣੇ ਮਾਲਕਾਂ (ਦੇਸੀ ਅਤੇ ਵਿਦੇਸ਼ੀ ਸਰਮਾਏਦਾਰਾਂ) ਦੀਆਂ ਸਭ ਤੋਂ ਵੱਧ ਵਿਸ਼ਵਾਸ ਪਾਤਰ ਬਣ ਸਕਣ। ਅੱਜ ਦੇ ਸਰਮਾਏਦਾਰ-ਸਾਮਰਾਜਵਾਦੀ ਸੰਸਾਰ ਵਿੱਚ ਭਾਰਤ ਦੇ ਸਰਮਾਏਦਾਰ ਹਾਕਮਾਂ ਕੋਲ ਉਦਾਰੀਕਰਨ ਨਿੱਜੀਕਰਨ ਵਿਸ਼ਵੀਕਰਨ ਦਾ ਇੱਕੋ ਇੱਕ ਰਾਹ ਹੈ ਜਿਸ ਉੱਪਰ ਉਹ ਤੇਜ਼ ਰਫ਼ਤਾਰ ਦੌੜ ਰਹੇ ਹਨ। ਉਹ ਵਿਦੇਸ਼ੀ ਪੂੰਜੀ ਲਈ ਭਾਰਤੀ ਅਰਥਚਾਰੇ ਦੇ ਦਰਵਾਜ਼ੇ ਪੂਰੀ ਤਰ੍ਹਾਂ ਖੋਲ੍ਹ ਰਹੇ ਹਨ, ਕਿਰਤ ਕਾਨੂੰਨਾਂ ਨੂੰ ਵੱਧ ਤੋਂ ਵੱਧ ਸਰਮਾਏਦਾਰਾਂ ਪੱਖੀ ਬਣਾ ਰਹੇ ਹਨ, ਸਰਮਾਏ ਦੀ ਮੁਨਾਫ਼ੇ ਦੀ ਅੰਨ੍ਹੀ ਹਵਸ ਦੀ ਪੂਰਤੀ ਦੇ ਰਾਹ ਦੀਆਂ ਸਭ ਰੋਕਾਂ ਹਟਾ ਰਹੇ ਹਨ, ਇਸ ਪ੍ਰਕਿਰਿਆ ਨੂੰ ਉਦਾਰੀਕਰਨ ਕਿਹਾ ਜਾ ਰਿਹਾ ਹੈ। ਉਹ ਲੋਕਾਂ ਦੇ ਖ਼ੂਨ ਪਸੀਨੇ ਨਾਲ਼ ਖੜ੍ਹੇ ਕੀਤੇ ਪਬਲਿਕ ਸੈਕਟਰ ਨੂੰ ਕੌਡੀਆਂ ਦੇ ਭਾਅ ਦੇਸੀ ਵਿਦੇਸ਼ੀ ਸਰਮਾਏਦਾਰਾਂ ਦੇ ਹਵਾਲੇ ਕਰਕੇ ਨਿੱਜੀਕਰਨ ਨੂੰ ਅੰਜਾਮ ਦੇ ਰਹੇ ਹਨ। ਭਾਰਤੀ ਅਰਥਚਾਰੇ ਨੂੰ ਸੰਸਾਰ ਸਰਮਾਏਦਾਰ ਅਰਥਚਾਰੇ ਨਾਲ਼ ਪੂਰੀ ਤਰ੍ਹਾਂ ਜੋੜ ਕੇ ਸਰਮਾਏ ਦੇ ਵਿਸ਼ਵੀਕਰਨ 'ਚ ਹਿੱਸਾ ਪਾ ਰਹੇ ਹਨ, ਇਸ ਨਾਲ਼ ਸੰਸਾਰ ਅਰਥਚਾਰੇ ਦੇ ਹਰ ਤਰ੍ਹਾਂ ਦੇ ਉਤਾਰ-ਚੜ੍ਹਾਅ ਭਾਰਤੀ ਅਰਥਚਾਰੇ ਨੂੰ ਵੀ ਚੰਗੇ ਕਦੇ ਮਾੜੇ ਰੁੱਖ ਪ੍ਰਭਾਵਤ ਕਰਦੇ ਹਨ। ਇਸ ਦੇਸ਼ ਦੇ ਕਿਰਤੀ ਲੋਕਾਂ ਵਿਦਿਆਰਥੀਆਂ-ਨੌਜਵਾਨਾਂ ਲਈ ਇਨ੍ਹਾਂ ਨੀਤੀਆਂ ਦੇ ਕੀ ਅਰਥ ਹਨ - ਉਨ੍ਹਾਂ ਲਈ ਇਨ੍ਹਾਂ ਨੀਤੀਆਂ ਦਾ ਅਰਥ ਹੈ — ਭੁੱਖ, ਗਰੀਬੀ, ਬੇਰੁਜ਼ਗਾਰੀ। ਪਿਛਲੇ ਕੁਝ ਸਾਲਾਂ ਤੋਂ ਮਹਿੰਗਾਈ, ਬੇਰੁਜ਼ਗਾਰੀ 'ਚ ਰਿਕਾਰਡ ਤੋੜ ਵਾਧਾ ਹੋਇਆ ਹੈ। ਅਮੀਰ ਗਰੀਬ ਦਾ ਪਾੜਾ ਸਭ ਹੱਦਾਂ ਬੰਨ੍ਹੇ ਟੱਪ ਰਿਹਾ ਹੈ। ਪਿਛਲੇ ਦੋ ਦਹਾਕਿਆਂ ਤੋਂ ਭਾਰਤ ਦੇ ਲੋਕ ਇਨ੍ਹਾਂ ਨੀਤੀਆਂ ਦਾ ਸੰਤਾਪ ਭੁਗਤ ਰਹੇ ਹਨ। ਇਸ ਸਮੇਂ ਦੌਰਾਨ ਰੁਜ਼ਗਾਰ ਦੇ ਜੋ ਮੌਕੇ ਪੈਦਾ ਵੀ ਹੋਏ ਹਨ, ਉਹ ਰੁਜ਼ਗਾਰ ਬੇਹੱਦ ਅਨਿਸ਼ਚਿਤ ਹੈ, ਵੱਖ ਵੱਖ ਸੈਕਟਰਾਂ 'ਚ ਕੰਮ ਕਰਦੇ ਕਾਮਿਆਂ ਉੱਪਰ ਵਰਕ ਲੋਡ ਬਹੁਤ ਵਧਿਆ ਹੈ। ਰੁਜ਼ਗਾਰ ਖੁਸਣ ਦਾ ਡਰ ਹਰ ਵਕਤ ਇਨ੍ਹਾਂ ਕਾਮਿਆਂ ਦੇ ਸਿਰ ਉੱਪਰ ਤਲਵਾਰ ਵਾਂਗ ਲਟਕਦਾ ਰਹਿੰਦਾ ਹੈ। ਠੇਕਾ ਪ੍ਰਥਾ/ਪੀਸ ਰੇਟ/ਸੀਜ਼ਨਲ ਕੰਮ 'ਚ ਤੇਜ਼ ਵਾਧਾ ਹੋਇਆ ਹੈ। ਉਜ਼ਰਤਾਂ ਬੇਹੱਦ ਘੱਟ ਹਨ।

ਦੂਜੇ ਬੰਨ੍ਹੇ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੇ ਮੁਨਾਫ਼ੇ ਅਥਾਹ ਵਧੇ ਹਨ। ਨਿੱਤ ਨਵੇਂ-ਨਵੇਂ ਕਰੋੜਪਤੀ ਅਰਬਪਤੀ ਸਾਹਮਣੇ ਆ ਰਹੇ ਹਨ। ਇਹ ਨਵੇਂ ਅਤੇ ਪੁਰਾਣੇ ਧਨਾਢ ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਪਾਣੀ ਵਾਂਗ ਵਹਾ ਰਹੇ ਹਨ। ਵਿਆਹਾਂ, ਜਨਮ ਦਿਨ ਅਤੇ ਨਵੇਂ ਸਾਲ ਦੀ ਪਾਰਟੀਆਂ, ਰਾਜਿਆਂ ਮਹਾਰਾਜਿਆਂ ਦੇ ਮਹੱਲਾਂ ਨੂੰ ਵੀ ਸ਼ਰਮਸਾਰ ਕਰਦੇ ਬੰਗਲਿਆਂ ਦੀ

ਅੰਨ੍ਹੇਵਾਹ ਉਸਾਰੀ ਰਾਹੀਂ ਧਨ ਦੀ ਸ਼ੋਹਰਤ ਦੀ ਨਿੱਤ ਨੁਮਾਇਸ਼ ਲਾਉਂਦੇ ਹਨ। ਇਸੇ ਤੋਂ ਚਿੰਤਤ ਹੋ ਕੇ ਇਨ੍ਹਾਂ ਦੀ ਪ੍ਰਬੰਧਕੀ ਕਮੇਟੀ (ਸਰਕਾਰ) ਦੇ ਵਰਤਮਾਨ ਮੁਖੀ ਮਨਮੋਹਣ ਸਿੰਘ ਨੇ ਦੇਸ਼ ਦੇ ਧਨਾਢਾਂ ਨੂੰ ਧਨ ਦਾ ਅੰਨ੍ਹੇਵਾਹ ਵਿਖਾਵਾ ਨਾ ਕਰਨ ਦੀ ਸਲਾਹ ਦਿੱਤੀ ਸੀ। ਉਸ ਦਾ ਕਹਿਣਾ ਸੀ ਕਿ ਧਨ ਦੇ ਇਸ ਤਰ੍ਹਾਂ ਵਿਖਾਵੇ ਨਾਲ਼ ਗਰੀਬਾਂ ਦਾ ਗੁੱਸਾ ਭੜਕ ਸਕਦਾ ਹੈ। ਸਰਮਾਏਦਾਰ ਜਮਾਤ ਦਾ ਇਹ ਸਿਆਸੀ ਪ੍ਰਤੀਨਿਧ ਵਾਕਈ ਬਹੁਤ ਦੂਰ ਦਰਸ਼ੀ ਹੈ। ਪਰ ਉਸ ਦੀ ਇਹ ਦੂਰਦਰਸ਼ਤਾ ਵੀ ਗਰੀਬੀ ਦੇ ਮਹਾਂਸਾਗਰ ਵਿੱਚ ਤੈਰਦੇ ਇਹਨਾਂ ਅੱਯਾਸ਼ੀ ਦੇ ਮੀਨਾਰਾਂ ਵਿਰੁੱਧ ਗਰੀਬਾਂ ਦਾ ਗੁੱਸਾ ਭੜਕਣ ਤੋਂ ਨਹੀਂ ਰੋਕ ਸਕੇਗੀ।

ਸਾਡੇ ਕਹਿਣ ਤੋਂ ਇਹ ਭਾਵ ਨਹੀਂ ਲਿਆ ਜਾਣਾ ਚਾਹੀਦਾ ਕਿ 1991 ਜਦੋਂ ਤੋਂ ਭਾਰਤ ਦੇ ਹਾਕਮਾਂ ਨੇ ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀ ਨੀਤੀ ਅਪਨਾਈ ਹੈ, ਉਸ ਤੋਂ ਪਹਿਲਾਂ ਇੱਥੇ ਸਭ ਠੀਕ-ਠਾਕ ਸੀ। ਬਸ 1991 ਤੋਂ ਬਾਅਦ ਹੀ ਲੋਕਾਂ ਦੀ ਹਾਲਤ ਭੈੜੀ ਹੋ ਗਈ ਹੈ। ਦਰਅਸਲ ਪੁਰਾਣੀ ਆਰਥਿਕ ਨੀਤੀ (1947-1991) ਦਾ ਹੀ ਸੁਭਾਵਕ ਨਤੀਜਾ ਹੀ ਨਵੀਂ ਆਰਥਿਕ ਨੀਤੀ (1991 ਤੋਂ ਹੁਣ ਤੱਕ) ਜ਼ਰੂਰੀ ਸੀ। ਇਸ ਨੀਤੀ ਉੱਪਰ ਸੱਭੇ ਪਾਰਲੀਮਾਨੀ ਪਾਰਟੀਆਂ ਇੱਕਮਤ ਹਨ। ਇਸ ਤਰ੍ਹਾਂ ਦੇਖਿਆ ਜਾਵੇ ਤਾਂ ਲੋਕਾਂ ਕੋਲ਼ ਚੁਣਨ ਲਈ ਕੁਝ ਵੀ ਨਹੀਂ ਹੈ। ਚੋਣ ਲੋਕਾਂ ਸਿਰ ਇੱਕ ਛਲਾਵਾ ਹੈ। ਸੱਪਨਾਥ ਜਾਂ ਨਾਗਨਾਥ 'ਚੋਂ ਕਿਸੇ ਇੱਕ ਦੀ ਚੋਣ ਕਰਨਾ ਲੋਕਾਂ ਦੀ ਮਜ਼ਬੂਰੀ ਹੈ।

ਉਦਾਰੀਕਰਨ-ਨਿੱਜੀਕਰਨ-ਵਿਸ਼ਵੀਕਰਨ ਦੀਆਂ ਨੀਤੀਆਂ ਦੀ ਇਸ ਸੰਖੇਪ ਚਰਚਾ ਤੋਂ ਬਾਅਦ ਵਾਪਸ ਵਿਧਾਨ ਸਭਾ ਚੋਣਾਂ ਦੀ ਚਰਚਾ ਉੱਪਰ ਆਉਂਦੇ ਹਾਂ। ਇਸ ਵਾਰ ਚੋਣ ਕਮਿਸ਼ਨ ਨੇ ਵੋਟ ਪਾਰਟੀਆਂ ਦੇ ਵੋਟ ਖਰਚੇ ਨੂੰ ਸੀਮਤ ਕਰਨ ਲਈ ਕਾਫ਼ੀ ਕਵਾਇਦ ਕੀਤੀ, ਪਰ ਇਸ ਦਾ ਕੋਈ ਖਾਸ ਅਸਰ ਨਹੀਂ ਹੋਇਆ। ਪਹਿਲਾਂ ਵਾਂਗ ਹੀ ਵੋਟ ਪਾਰਟੀਆਂ ਦੁਆਰਾ ਵੋਟਰਾਂ ਨੂੰ ਭਰਮਾਉਣ ਲਈ ਨਸ਼ਿਆਂ ਦਾ ਦਰਿਆ ਵਗਾਇਆ ਗਿਆ। ਵੋਟਾਂ ਦੀ ਖਰੀਦੋ-ਫਰੋਖਤ ਬਾ-ਦਸਤੂਰ ਜਾਰੀ ਰਹੀ। ਦਰਅਸਲ ਇਸ ਦੇਸ਼ ਦੀ ਪਾਰਲੀਮਾਨੀ ਸਿਆਸਤ ਪਾਰਲੀਮਾਨੀ ਪਾਰਟੀਆਂ ਦੇ ਲੀਡਰਾਂ ਲਈ ਇੱਕ ਬੇਹੱਦ ਮੁਨਾਫੇਬਖ਼ਸ ਧੰਦਾ ਹੈ। ਪੰਚਾਇਤਾਂ ਜਿਲ੍ਹਾਂ ਪ੍ਰੀਸ਼ਦਾਂ, ਵਿਧਾਨ ਸਭਾਵਾਂ, ਸੰਸਦ ਵਿੱਚ ਪਹੁੰਚਣ ਦਾ ਇਨ੍ਹਾਂ ਦਾ ਇੱਕੋ-ਇੱਕ ਮਕਸਦ ਵੱਧ ਤੋਂ ਵੱਧ ਧਨ ਕਮਾਉਣਾ ਹੁੰਦਾ ਹੈ। ਇਸ ਲਈ ਇਹ ਚੋਣਾਂ ਜਿੱਤਣ ਲਈ ਜੋ ਪੈਸਾ ਖਰਚਦੇ ਹਨ ਉਹ ਦਰਅਸਲ ਵਡੇਰੇ ਮੁਨਾਫੇ ਲਈ ਕੀਤਾ ਇੱਕ ਤਰ੍ਹਾਂ ਦਾ ਸਰਮਾਇਆ ਨਿਵੇਸ਼ ਹੀ ਹੁੰਦਾ ਹੈ।

ਇਸ ਵਾਰ ਵੀ ਪੰਜਾਬ ਅਤੇ ਹੋਰਾਂ ਰਾਜਾਂ ਵਿੱਚ ਵੱਡੀ ਪੱਧਰ 'ਤੇ ਪੋਲਿੰਗ ਹੋਈ ਹੈ। ਸਰਮਾਏਦਾਰਾਂ ਦੇ ਸੇਵਕ ਮੀਡੀਆ ਨੇ ਇਸ ਨੂੰ 'ਲੋਕਤੰਤਰ' ਦੀ ਜਿੱਤ ਦੇ ਰੂਪ ਵਿੱਚ ਪ੍ਰਚਾਰਿਆਂ ਹੈ। ਲੋਕਾਂ ਦੀ ਪਾਰਲੀਮਾਨੀ ਚੋਣਾਂ ਵਿੱਚ ਵੱਡੀ ਪੱਧਰ 'ਤੇ ਸ਼ਮੂਲੀਅਤ ਇਹ ਦਰਸਾਉਂਦੀ ਹੈ ਕਿ ਅਜੇ ਪਾਰਲੀਮਾਨੀ ਪ੍ਰਬੰਧ ਤੋਂ ਲੋਕਾਂ ਦੇ ਭਰਮ ਭੁਲੇਖੇ ਕਾਫ਼ੀ ਮਜ਼ਬੂਤ ਹਨ। ਇਨ੍ਹਾਂ ਚੋਣਾਂ ਵਿੱਚ ਭਾਵੇਂ ਕਿਸੇ ਵੀ ਪਾਰਟੀ ਦੀ ਜਿੱਤ ਹੋਵੇ, ਮਿਹਨਤੀ ਲੋਕਾਂ ਦੀ ਜ਼ਿੰਦਗੀ 'ਚ ਇਸ ਨਾਲ਼ ਕੋਈ ਤਬਦੀਲੀ ਨਹੀਂ ਆਉਣ ਲੱਗੀ। ਪਿਛਲੀ ਅੱਧੀ ਤੋਂ ਵੀ ਵੱਧ ਸਦੀ ਦਾ ਇਤਿਹਾਸ ਇਸ ਗੱਲ ਦਾ ਠੋਸ ਸਬੂਤ ਹੈ। ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ (ਜਿਨ੍ਹਾਂ ਦੀ ਵੱਡੀ ਬਹੁਗਿਣਤੀ ਕਿਰਤੀ ਪਰਿਵਾਰਾਂ 'ਚੋਂ ਹੀ ਹੈ) ਦੀਆਂ ਸਮੱਸਿਆਵਾਂ ਦਾ ਇੱਕੋ ਇੱਕ ਹੱਲ ਜੱਥੇਬੰਦੀ ਅਤੇ ਆਪਣੇ ਹੱਕਾਂ ਲਈ ਸੰਘਰਸ਼ ਦਾ ਰਾਹ ਹੀ ਹੈ।

•••



''ਸਿਰਫ਼ ਉਨ੍ਹਾਂ ਕਿਤਾਬਾਂ ਨੂੰ ਪਿਆਰ ਕਰੋ ਜਿਹੜੀਆਂ ਗਿਆਨ ਦਾ ਸਰੋਤ ਹੋਣ, ਕਿਉਂਕਿ ਸਿਰਫ਼ ਗਿਆਨ ਹੀ ਬੰਦਗੀ-ਯੋਗ ਹੁੰਦਾ ਹੈ, ਗਿਆਨ ਹੀ ਤੁਹਾਨੂੰ ਅੰਦਰੂਨੀ ਤੌਰ 'ਤੇ ਮਜ਼ਬੂਤ, ਇਮਾਨਦਾਰ ਅਤੇ ਬੁੱਧੀਮਾਨ, ਮਨੁੱਖ ਨਾਲ਼ ਪਿਆਰ ਕਰਨ ਯੋਗ, ਮਨੁੱਖੀ ਕਿਰਤ ਪ੍ਰਤੀ ਸਤਿਕਾਰ ਭਾਵ ਸਿਖਾਉਣ ਵਾਲ਼ਾ ਅਤੇ ਮਨੁੱਖ ਦੇ ਅਣਥੱਕ, ਸਖ਼ਤ ਮਿਹਨਤ ਨਾਲ਼ ਬਣੀਆਂ ਕ੍ਰਿਤਾਂ ਨੂੰ ਸਰਾਹੁਣ ਯੋਗ ਬਣਾ ਸਕਦਾ ਹੈ।

● ਮੈਕਸਿਮ ਗੋਰਕੀ

''ਜਿਉਣ ਦੀ ਥਾਂ ਲੋਕ ਆਪਣਾ ਸਾਰਾ ਜੀਵਨ ਜਿਉਣ ਦੀ ਤਿਆਰੀ ਕਰਨ 'ਚ ਗਵਾ ਦਿੰਦੇ ਹਨ। ਅਤੇ ਜਦੋਂ ਸਾਰਾ ਸਮਾਂ ਹੱਥੋਂ ਨਿਕਲ ਜਾਣ ਤੋਂ ਬਾਅਦ ਖੁਦ ਨੂੰ ਲੁੱਟਿਆ ਹੋਇਆ ਵੇਖਦੇ ਹਨ, ਭਾਗਾਂ ਨੂੰ ਕੋਸਣ ਲੱਗਦੇ ਹਨ।

(ਮੈਕਸਿਮ ਗੋਰਕੀ ਦੀ ਕਹਾਣੀ 'ਬੁੱਢੀ ਇਜਰਗੀਲ' ਦਾ ਇੱਕ ਪਾਤਰ)

''ਆਦਮੀ ਦਾ ਦਿਲ ਜਦੋਂ ਵੀ ਸਾਹਸੀ ਕੰਮਾਂ ਲਈ ਤੜਫਦਾ ਹੋਵੇ, ਤਾਂ ਇਸ ਲਈ ਉਹ ਸਦਾ ਮੌਕਾ ਵੀ ਲੱਭ ਲੈਂਦਾ ਹੈ। ਜੀਵਨ 'ਚ ਅਜਿਹੇ ਮੌਕਿਆਂ ਦਾ ਕੋਈ ਕਮੀ ਨਹੀਂ ਹੈ ਅਤੇ ਜੇਕਰ ਕਿਸੇ ਨੂੰ ਅਜਿਹੇ ਮੌਕੇ ਨਹੀਂ ਮਿਲਦੇ, ਤਾਂ ਸਮਝ ਲਵੋ ਕਿ ਉਹ ਸੁਸਤ ਹੈ ਜਾਂ ਫਿਰ ਡਰਪੋਕ ਜਾਂ ਕਿ ਉਹ ਜੀਵਨ ਨੂੰ ਨਹੀਂ ਸਮਝਦਾ।''

(ਮੈਕਸਿਮ ਗੋਰਕੀ ਦੀ ਕਹਾਣੀ 'ਬੁੱਢੀ ਇਜਰਗੀਲ' ਦਾ ਇੱਕ ਪਾਤਰ)

ਵਿਧਾਨ ਸਭਾ ਚੋਣਾਂ 'ਤੇ ਵਿਸ਼ੇਸ਼

ਉੱਘੇ ਕਵੀਆਂ ਦੇ ਸ਼ਬਦਾਂ ਵਿੱਚ 'ਲੋਕਤੰਤਰ' ਦੀ ਅਸਲੀਅਤ

ਅਵਤਾਰ ਪਾਸ਼

ਮੇਰਾ ਹੁਣ ਹੱਕ ਬਣਦਾ ਹੈ

ਮੈਂ ਟਿਕਟ ਖ਼ਰਚ ਕੇ
ਤੁਹਾਡਾ ਜਮਹੂਰੀਅਤ ਦਾ ਨਾਟ ਦੇਖਿਆ ਹੈ
ਹੁਣ ਤਾਂ ਮੇਰਾ ਨਾਟਕ ਹਾਲ 'ਚ ਬਹਿ ਕੇ
ਹਾਏ ਹਾਏ ਆਖਣ ਤੇ ਚੀਕਾਂ ਮਾਰਨ ਦਾ
ਹੱਕ ਬਣਦਾ ਹੈ
ਤੁਸਾਂ ਵੀ ਆਪਣੀ ਟਿਕਟ ਦੀ ਵਾਰੀ
ਟਕੇ ਦੀ ਛੋਟ ਨਹੀਂ ਕੀਤੀ
ਤੇ ਮੈਂ ਵੀ ਆਪਣੀ ਪਸੰਦ ਦੀ ਬਾਂਹ ਫੜ ਕੇ
ਗੱਦੇ ਪਾੜ ਸੁੱਟਾਂਗਾਂ
ਤੇ ਪਰਦੇ ਪਾੜ ਸੁੱਟਾਂਗਾਂ

ਬਾਡਰ

....
ਦਰਅਸਲ
ਏਥੇ ਹਰ ਥਾਂ 'ਤੇ ਇੱਕ ਬਾਡਰ ਹੈ
ਜਿੱਥੇ ਸਾਡੇ ਹੱਕ ਖ਼ਤਮ ਹੁੰਦੇ ਹਨ
ਪਤਵੰਤੇ ਲੋਕਾਂ ਦੇ ਸ਼ੁਰੂ ਹੁੰਦੇ ਹਨ
ਤੇ ਅਸੀਂ ਹਰ ਤਰ੍ਹਾਂ ਆਜ਼ਾਦ ਹਾਂ ਇਸ ਪਾਰ–
ਗਾਹਲਾਂ ਕੱਢਣ ਲਈ
ਮੁੱਕੇ ਲਹਿਰਾਉਣ ਲਈ
ਚੋਣਾਂ ਲੜਨ ਲਈ
ਸਤਵਰਗਾਂ ਦੀ ਮੁਸਕਾਨ ਚੁੰਮਣ 'ਤੇ
ਕੋਈ ਬੰਦਸ਼ ਨਹੀਂ ਇਸ ਪਾਰ–
ਤੇ ਇਸ ਤੋਂ ਅੱਗੇ ਹੈ–
ਕਸਬਿਆਂ 'ਚ ਉੱਡਦੀ ਹੋਈ ਧੂੜ, ਪਲ਼ੀਆਂ ਹੋਈਆਂ ਜੂੰਆਂ ਦੇ ਵਾਂਗ
ਰੀਂਘਦੇ ਟਰੱਕ ਬੀ.ਐੱਸ.ਐਫ਼.ਦੇ

ਸੁਰਜੀਤ ਪਾਤਰ

ਡੂੰਘੇ ਵੈਣਾਂ ਦਾ ਕੀ ਮਿਣਨਾ

ਡੂੰਘੇ ਵੈਣਾਂ ਦਾ ਕੀ ਮਿਣਨਾ
ਤਖ਼ਤ ਦੇ ਪਾਵੇ ਮਿਣੀਏ
ਜਦ ਤੱਕ ਉਹ ਲਾਸ਼ਾਂ ਗਿਣਦੇ ਨੇ
ਆਪਾਂ ਵੋਟਾਂ ਗਿਣੀਏ

ਚੋਣ-ਨਿਸ਼ਾਨ ਸਿਵਾ ਹੈ ਸਾਡਾ
ਇਸ ਨੂੰ ਬੁਝਣ ਨਾ ਦੇਈਏ
ਚੁੱਲ੍ਹਿਆਂ ਵਿੱਚੋਂ ਕੱਢ-ਕੱਢ ਲੱਕੜਾਂ
ਇਸ ਦੀ ਅੱਗ ਵਿੱਚ ਚਿਣੀਏ

ਜਿਸ ਦੀ ਡਾਲ ਟੁੱਟੇ ਉਹ ਰੋਂਦਾ
ਬਾਕੀ ਜੰਗਲ ਚੁੱਪ ਏ
ਰੋਈਂ ਨੀ ਇਸ ਜੰਗਲ ਨੂੰ
ਤੂੰ ਬਰਸੀ ਨੀਂ ਕਿਣਮਿਣੀਏ

ਸੰਤ ਰਾਮ ਉਦਾਸੀ

ਲਲਕਾਰ–ਮਜ਼ਦੂਰ ਦੇ ਨਾਂ !

ਲੋਕੋ ਬਾਜ ਆ ਜਾਓ! ਝੂਠੇ ਲੀਡਰਾਂ ਤੋਂ,
ਇਹਨਾਂ ਦੇਸ਼ ਨੂੰ ਬਿਲੇ ਲਗਾ ਛੱਡਣੈਂ।
ਇਹਨਾਂ ਦੇਸ਼ ਦਾ ਕੁਝ ਵੀ ਛੱਡਿਆ ਨੀ,
ਇਹਨਾਂ ਥੋਨੂੰ ਵੀ ਵੇਚ ਕੇ ਖਾ ਛੱਡਣੈਂ।

ਕਾਰਖ਼ਾਨਿਆਂ ਦੀਆਂ ਕਾਲ਼ੀਆਂ ਚਿਮਨੀਆਂ ਚੋਂ,
ਸਾਡੇ ਵਲਵਲੇ ਨਿਕਲਦੇ ਧੂੰ ਬਣ ਕੇ।
ਅਫ਼ਸਰਸ਼ਾਹੀ ਦੀ ਕਾਰ ਦੇ ਵੇਗ ਮੂਹਰੇ,
ਸਾਡੇ ਉੱਡਦੇ ਅਰਮਾਨ ਨੇ ਰੂੰ ਬਣ ਕੇ।

ਅਸੀਂ ਆਪਣਾ ਸਮਝ ਕੇ ਵੋਟ ਪਾਈ,
ਇਹਨਾਂ ਵੋਟ ਦਾ ਸਿਲਾ ਵੀ ਤਾਰਿਆ ਨਾ।
ਸਾਨੂੰ ਮਹਿੰਗ ਉਬਾਲਿਆ ਦੁੱਧ ਵਾਂਗੂੰ,
ਇਹਨਾਂ ਪਾਣੀ ਦਾ ਛੱਟਾ ਵੀ ਮਾਰਿਆ ਨਾ।

ਇਹ ਦੇਸ਼ ਦੀ ਪੂੰਜੀ ਨੂੰ ਨਾਗ ਬਣ ਕੇ,
ਆਪੂੰ ਸਾਂਭ ਲੈਂਦੇ ਆਪੂੰ ਖੱਟ ਜਾਂਦੇ।
ਵਾਅਦੇ ਕਰਦੇ ਕੱਚੇ ਮਹਿਬੂਬ ਵਾਂਗੂ,
ਆਪੇ ਥੁੱਕ ਜਾਂਦੇ ਆਪੇ ਚੱਟ ਜਾਂਦੇ।

ਸੀਨਾ ਜ਼ੋਰੀਆਂ ਨੇ ਹਿਰਦੇ ਸਾੜ ਸੁੱਟੇ,
ਸੜਿਆਂ ਹੋਇਆਂ ਦੀ ਆਓ ਸੰਭਾਲ ਕਰੀਏ।
ਜਿਹਨੂੰ ਰਾਠ ਉਧਾਲ ਕੇ ਲੈ ਗਏ ਨੇ,
ਆਪਣੀ ਕਿਸਮਤ ਦੀ ਆਓ ਪੜਤਾਲ ਕਰੀਏ।

ਕੁੱਤੇ ਜਿਹੀ ਇਨਸਾਨ ਦੀ ਕਦਰ ਹੈ ਨਾ,
ਅੱਗੋਂ ਮੰਗਦੇ ਨੇ ਸਾਥੋਂ ਵਫ਼ਾਦਾਰੀ।
ਜਾਂ ਤਾਂ ਅਸੀਂ ਹੀ ਰਹਾਂਗੇ ਦੇਸ਼ ਅੰਦਰ,
ਜਾਂ ਫਿਰ ਰਹੇਗੀ ਇੱਥੇ ਸਰਮਾਏਦਾਰੀ।

ਅਸੀਂ ਆਪਣਿਆਂ ਢਿੱਡਾਂ ਦੀ ਮੰਗ ਲੈ ਕੇ,
ਨਿੱਤਰ ਆਏ ਹਾਂ ਏਕੇ ਦੀ ਲਾਮ ਉੱਤੇ।
ਲਾਰੇ ਵੇਖ ਕੇ ਇਹਨਾਂ ਮੁਸਾਹਿਬਾਂ ਦੇ,
ਨੀਝ ਲੱਗੀ ਏ ਹੁਣ ਤਾਂ ਸੰਗਰਾਮ ਉੱਤੇ।

ਜੇਕਰ ਅੱਜ ਨਾ ਹੱਕਾਂ ਦੀ ਗੱਲ ਕੀਤੀ,
ਸਾਰੇ ਬੱਚਿਆਂ ਦੇ ਵਿਹਨੈਂ ਚੋਹਲ ਜਲਦੇ।
ਖੇਤਾਂ ਵਿੱਚ ਕਿਸਾਨ ਦੇ ਬੋਹਲ ਜਲਦੇ,
ਮੇਰੇ ਗੀਤ ਜਲਦੇ, ਮੇਰੇ ਘੋਲ ਜਲਦੇ।

ਸੰਸਾਰ ਮੰਚ 'ਤੇ

ਯੂਰੋਜ਼ੋਨ ਦਾ ਕਰਜ ਸੰਕਟ

ਉਧਾਰੇ ਸਾਹਾਂ 'ਤੇ ਜਿਉਂਦਾ ਸਾਮਰਾਜਵਾਦ

• ਸ਼ਿਸ਼ਿਰ

ਯੂਰਪ ਦਾ ਆਰਥਿਕ ਸੰਕਟ ਹੋਰ ਡੂੰਘਾ ਹੁੰਦਾ ਜਾ ਰਿਹਾ ਹੈ। ਯੂਨਾਨ ਅਤੇ ਇਟਲੀ 'ਚ ਸਰਕਾਰਾਂ ਡਿੱਗ ਚੁੱਕੀਆਂ ਹਨ। ਸਪੇਨ ਦੀ ਹਾਲਤ ਵੀ ਠੀਕ ਨਹੀਂ ਦਿਖਦੀ। ਜਿਹੜਾ ਸੰਕਟ ਯੂਰਪ ਦੀਆਂ ਸਭ ਤੋਂ ਕਮਜ਼ੋਰ ਅਰਥਚਾਰਿਆਂ ਤੋਂ ਸ਼ੁਰੂ ਹੋਇਆ ਸੀ, ਉਹ ਹੁਣ ਕੁਝ ਵੱਡੇ ਅਰਥਚਾਰਿਆਂ ਨੂੰ ਆਪਣੇ ਲਪੇਟ ਵਿੱਚ ਲੈ ਚੁੱਕਿਆ ਹੈ। ਸਪੇਨ ਅਤੇ ਇਟਲੀ ਨੂੰ (ਇੰਗਲੈਂਡ ਨੂੰ ਛੱਡ ਕੇ, ਕਿਉਂਕਿ ਉਸ ਦੇ ਅਰਥਚਾਰੇ ਦਾ ਰਿਸ਼ਤਾ ਯੂਰਪ ਦੇ ਅਰਥਚਾਰੇ ਨਾਲ਼ ਓਨਾ ਵੱਧ ਨਹੀਂ ਹੈ ਜਿੰਨਾ ਕਿ ਅਮਰੀਕੀ ਧੁਰੀ ਨਾਲ਼) ਜਰਮਨੀ ਅਤੇ ਫ਼ਰਾਂਸ ਤੋਂ ਬਾਅਦ ਯੂਰਪ ਦੇ ਸਭ ਤੋਂ ਵੱਡੇ ਅਰਥਚਾਰੇ ਮੰਨਿਆ ਜਾਂਦਾ ਹੈ। ਯੂਰਪੀਅਨ ਯੂਨੀਅਨ ਦੇ ਕੁੱਲ ਘਰੇਲੂ ਉਤਪਾਦ ਦਾ 17 ਫੀਸਦੀ ਇਟਲੀ ਦੇ ਅਰਥਚਾਰੇ ਤੋਂ ਆਉਂਦਾ ਹੈ। ਅਜਿਹੀ ਹਾਲਤ ਵਿੱਚ ਜੇਕਰ ਇਟਲੀ ਦਾ ਅਰਥਚਾਰਾ ਦਿਵਾਲੀਆ ਹੁੰਦਾ ਹੈ, ਤਾਂ ਇਹ ਲਾਜ਼ਮੀ ਹੀ ਯੂਰੋਜ਼ੋਨ ਨੂੰ ਖ਼ਤਰੇ ਵਿੱਚ ਪਾ ਦੇਵੇਗਾ। ਅਤੇ ਇਸ ਖ਼ਤਰੇ ਦੇ ਹਕੀਕਤ 'ਚ ਬਦਲਣ ਦੀ ਚੰਗੀ ਸੰਭਾਵਨਾ ਹੈ।

ਮੌਜੂਦਾ ਸੰਕਟ ਦਾ ਪੂਰਬਲਾ ਇਤਿਹਾਸ

ਮੌਜੂਦਾ ਸੰਕਟ ਨੂੰ ਕੁਝ ਲਾਈਨਾਂ ਵਿੱਚ ਸਮਝਿਆ ਜਾ ਸਕਦਾ ਹੈ। ਅਸਲ ਵਿੱਚ, ਇਹ ਸੰਕਟ ਅਮਰੀਕਾ 'ਚ 2007 'ਚ ਸ਼ੁਰੂ ਹੋਏ ਸਬਪ੍ਰਾਈਮ ਸੰਕਟ ਦਾ ਹੀ ਫੈਲਾਅ ਹੈ। ਸਬਪ੍ਰਾਈਮ ਸੰਕਟ ਦੌਰਾਨ ਅਮਰੀਕਾ ਦੇ ਜ਼ਿਆਦਾਤਰ ਵਿੱਤੀ ਅਦਾਰਿਆਂ ਨੇ ਮਾੜੀ ਆਰਥਿਕ ਹਾਲਤ ਵਾਲ਼ੇ ਲੋਕਾਂ ਨੂੰ ਆਮ ਤੌਰ 'ਤੇ ਘਰ ਖਰੀਦਣ ਲਈ ਕਰਜ਼ੇ ਦਿੱਤੇ ਅਤੇ ਉਹਨਾਂ ਮਾੜੇ ਕਰਜਿਆਂ ਨੂੰ ਚੰਗੇ ਅਤੇ ਦਰਮਿਆਨੇ ਕਰਜਿਆਂ ਦੇ ਨਾਲ਼ ਮਿਲ਼ਾ ਕੇ ਇੱਕ ਨਵਾਂ ਵਿੱਤੀ ਮਾਲ ਜਾਂ ਔਜ਼ਾਰ ਬਣਾਇਆ ਜਿਸ ਨੂੰ **'ਕੋਲੇਟਰਲ ਡੇਟ ਆਬਲਿਗੇਸ਼ਨ'** ਕਿਹਾ ਗਿਆ। ਫੇਰ ਇਹਨਾਂ ਪੈਕੇਜਾਂ ਨੂੰ ਪੂਰੀ ਦੁਨੀਆਂ ਦੇ ਹੋਰਨਾਂ ਬੈਂਕਾਂ ਅਤੇ ਵਿੱਤੀ ਅਦਾਰਿਆਂ ਨੂੰ ਵੇਚਿਆ ਗਿਆ ਤਾਂ ਜੋ ਕਰਜੇ ਨਾਲ਼ ਜੁੜਿਆ ਖ਼ਤਰਾ ਸਾਂਝਾ ਕੀਤਾ ਜਾ ਸਕੇ। ਇਨ੍ਹਾਂ ਨੂੰ ਖਰੀਦਣ ਵਾਲ਼ੇ ਬੈਂਕਾਂ ਨੂੰ ਪਤਾ ਨਹੀਂ ਸੀ ਕਿ ਇਨ੍ਹਾਂ ਪੈਕੇਜਾਂ 'ਚ ਮਾੜੇ ਕਰਜੇ ਵੀ ਸ਼ਾਮਲ ਹਨ। ਉਨ੍ਹਾਂ ਨੇ ਬਿਨਾਂ ਕਿਸੇ ਝਿਜਕ ਦੇ ਇਨ੍ਹਾਂ ਨੂੰ ਖਰੀਦਿਆ। ਇਹ ਸਾਰਾ ਕੁਝ ਕਰਨ ਪਿੱਛੇ ਅਮਰੀਕੀ ਵਿੱਤੀ ਅਦਾਰਿਆਂ ਦੀ ਇੱਕ ਮਜ਼ਬੂਰੀ ਸੀ — **ਪੂੰਜੀ ਦੀ ਬਹੁਤਾਤ।** ਇਸ ਵਿੱਤੀ ਪੂੰਜੀ ਦੇ ਭੰਡਾਰ ਨੂੰ ਜੇਕਰ ਚਲਣ ਨਾ ਪਾਇਆ ਜਾਂਦਾ ਤਾਂ ਇਹ ਅਦਾਰੇ ਬਰਬਾਦ ਹੋ ਜਾਂਦੇ। ਨਤੀਜੇ ਵਜੋਂ, ਅਮਰੀਕੀ ਸਰਕਾਰ ਦੇ ਨਾਅਰਾ ਦਿੱਤਾ ਕਿ ਉਹ ਇੱਕ ਇਨਕਲਾਬੀ ਕੰਮ ਕਰ ਰਹੀ ਹੈ; ਭਾਵ ਅਮਰੀਕੀ ਸਮਾਜ ਦੇ ਗਰੀਬ ਲੋਕਾਂ ਤੱਕ ਕਰਜੇ ਦੀ ਪਹੁੰਚ ਬਣਾ ਰਹੀ ਹੈ! ਪਰ ਇਸ ਦੇ ਪਿਛਲਾ ਸੱਚ ਇਹ ਸੀ ਕਿ ਇਨ੍ਹਾਂ ਕਰਜਿਆਂ 'ਤੇ ਚਾਲੂ ਵਿਆਜ ਦਰਾਂ ਲਾਈਆਂ ਗਈਆਂ ਸਨ; ਮਤਲਬ, ਅਜਿਹੀਆਂ ਵਿਆਜ ਦਰਾਂ ਜਿਨ੍ਹਾਂ ਨੂੰ ਬੈਂਕ ਤੇ ਵਿੱਤੀ ਅਦਾਰੇ ਆਪਣੀਆਂ ਲੋੜਾਂ ਮੁਤਾਬਿਕ ਵਧਾ ਸਕਦੇ ਸੀ। ਇਸ ਤਰ੍ਹਾਂ ਜਦੋਂ ਵੀ ਅਮਰੀਕੀ ਕੇਂਦਰੀ ਬੈਂਕ ਫੈਡਰਲ ਰਿਜ਼ਰਵ ਬੈਂਕਾਂ ਨੂੰ ਦਿੱਤੇ ਜਾਣ ਵਾਲ਼ੇ ਕਰਜਿਆਂ 'ਤੇ ਵਿਆਜ ਦਰਾਂ 'ਤੇ ਵਾਧਾ ਕਰਦਾ, ਤਦੋਂ ਹੀ ਇਨ੍ਹਾਂ ਚਾਲੂ ਵਿਆਜ ਦਰਾਂ ਵਾਲ਼ੇ ਕਰਜਿਆਂ ਦੇ ਵਿਆਜ ਨੂੰ ਇਹ ਵਿੱਤੀ ਅਦਾਰੇ ਵਧਾ ਦੇਂਦੇ; ਅਤੇ 2007 ਵਿੱਚ ਇਹ ਵਿਆਜ ਦਰਾਂ 30 ਫੀਸਦੀ ਤੱਕ ਪਹੁੰਚਣ ਲਗੀਆਂ। ਨਤੀਜੇ ਵਜੋਂ, ਆਮ ਨਿੱਕ ਮੱਧਵਰਗੀ ਅਮਰੀਕੀ ਦੇ ਲਈ ਵਿਆਜ ਦਰਾਂ ਚੁਕਾਉਣਾ ਵੀ ਔਖਾ ਹੋ ਗਿਆ। ਉਹਨਾਂ ਦੇ ਘਰ ਦਾ ਸੁਪਨਾ ਮਿੱਟੀ 'ਚ ਮਿਲ਼ ਗਿਆ, ਜਿਨ੍ਹਾਂ ਨੂੰ ਬੈਂਕ ਨੇ ਜ਼ਬਤ ਕਰ ਲਿਆ। ਪਰ ਇਹੀ ਪ੍ਰਕਿਰਿਆ ਬਹੁਤ ਵੱਡੇ ਪੱਧਰ 'ਤੇ ਹੋਈ ਅਤੇ ਵੱਡੀ ਗਿਣਤੀ 'ਚ ਲੋਕਾਂ ਨੇ ਕਰਜੇ ਦੇ ਮੂਲਧਨ ਤਾਂ ਦੂਰ, ਉਸ ਦੇ ਵਿਆਜ ਦੀ ਅਦਾਇਗੀ ਕਰਨ 'ਚ ਵਿੱਚ ਵੀ ਅਸਮਰਥਾ ਜ਼ਾਹਰ ਕੀਤੀ। ਨਜੀਤੇ ਵਜੋਂ, ਉਹ ਬੈਂਕ ਅਤੇ ਵਿੱਤੀ ਅਦਾਰੇ ਸੰਕਟ 'ਚ ਆ ਗਏ ਜਿਨ੍ਹਾਂ ਨੇ ਸਬਪ੍ਰਾਈਮ ਕਰਜੇ ਦਿੱਤੇ ਸੀ।

ਪਰ ਇਹ ਮਹਿਜ਼ ਸ਼ੁਰੂਆਤ ਸੀ ਕਿਉਂਕਿ ਇਨ੍ਹਾਂ ਬੈਂਕਾਂ ਨੇ ਪੂਰੀ ਦੁਨੀਆਂ 'ਚ ਜ਼ਿਆਦਾਤਰ ਬੈਂਕਾਂ ਅਤੇ ਵਿੱਤੀ ਅਦਾਰਿਆਂ ਨੂੰ ਕੋਲੇਟਰਲ ਡੇਟ ਆਬਲਿਗੇਸ਼ਨ ਪੈਕੇਜ ਵੇਚ ਕੇ, ਇਹ ਖ਼ਤਰਨਾਕ ਵਿੱਤੀ ਕੂੜਾ ਪੂਰੀ ਦੁਨੀਆਂ ਫੈਲਾਅ ਦਿੱਤਾ ਸੀ। ਅਖੀਰ ਜੋ ਹੋਣਾ ਸੀ ਉਹੀ ਹੋਇਆ। ਜਿਵੇਂ ਹੀ ਅਮਰੀਕਾ ਵਿੱਚ ਕਰਜ ਦਿਵਾਲ਼ੀਆਪਣ ਤੇਜ਼ ਗਤੀ ਨਾਲ਼ ਵਧਿਆ, ਉਵੇਂ ਹੀ ਜ਼ਿਆਦਾਤਰ ਬੈਂਕ ਅਤੇ ਵਿੱਤੀ ਅਦਾਰੇ ਦਿਵਾਲੀਆ ਹੋਣ ਲੱਗੇ। ਹੁਣ ਜਦੋਂ ਕਿ ਵਿੱਤੀ ਪੂੰਜੀ ਦੀ ਹਕੂਮਤ ਦੇ ਇਸ ਦੌਰ ਵਿੱਚ ਸਨਅਤ, ਉੱਚ-ਉਸਾਰ, ਸਰਕਾਰੀ ਖਰਚ ਆਦਿ 'ਚ ਹੋਣ ਵਾਲ਼ਾ ਨਿਵੇਸ਼ ਵੀ ਵਿੱਤੀ ਪੂੰਜੀ ਦੇ ਕੰਟਰੋਲ ਵਿੱਚ ਰਹਿੰਦਾ ਹੈ, ਇਸ ਲਈ ਵਿੱਤੀ ਬਾਜ਼ਾਰ ਦਾ ਇਹ ਸੰਕਟ ਦੇਖਦੇ ਹੀ ਦੇਖਦੇ ਅਖੌਤੀ 'ਅਸਲੀ

ਅਰਥਚਾਰੇ' ਤੱਕ ਫੈਲ ਗਿਆ ਅਤੇ ਇੱਕ ਪੂਰਨ ਰੂਪ ਆਰਥਕ ਸੰਕਟ ਬਣ ਗਿਆ। ਅਮਰੀਕਾ ਅਤੇ ਯੂਰਪ ਦੇ ਬੈਂਕਾਂ ਦੇ ਤਬਾਹ ਹੋਣ 'ਤੇ ਲਾਜ਼ਮੀ ਹੀ ਸਰਕਾਰਾਂ ਇਨ੍ਹਾਂ ਨੂੰ ਬਚਾਉਣ ਲਈ ਆਉਂਦੀਆਂ ਅਤੇ ਉਹ ਆਈਆਂ ਵੀ। ਅਮਰੀਕਾ ਤੋਂ ਲੈ ਕੇ ਯੂਰਪ ਤੱਕ ਲੋਕਾਂ ਦੇ ਖਜ਼ਾਨੇ ਤੋਂ ਸਰਕਾਰਾਂ ਨੇ ਕਈ ਖਰਬ ਡਾਲਰ ਦੇ ਬੇਲ ਆਊਟ ਪੈਕੇਜ ਦੇ ਕੇ ਬਾਜ਼ਾਰ ਵਿੱਚ ਫਿਰ ਤੋਂ ਤਰਲਤਾ ਲਿਆਂਦੀ ਅਤੇ ਇਨ੍ਹਾਂ ਬੈਂਕਾਂ ਨੂੰ ਬਚਾਇਆ। ਕੋਈ ਸਿੱਖਾਂਦਰੂ ਵੀ ਦੱਸ ਸਕਦਾ ਹੈ ਕਿ ਸੱਟੇਬਾਜ਼ ਅਤੇ ਜੂਆਘਰ ਢਾਂਚੇ 'ਚ ਇਹ ਪੈਸਾ ਵੀ ਜੂਏ ਅਤੇ ਸੱਟੇਬਾਜ਼ੀ ਵਿੱਚ ਹੀ ਲੱਗਣਾ ਸੀ। ਇਸ ਨਾਲ਼ ਸੰਕਟ ਦੂਰ ਹੋਣਾ ਤਾਂ ਦੂਰ ਦੀ ਗੱਲ ਹੈ, ਸੰਕਟ ਨੇ ਹੋਰ ਵੱਧਣਾ ਹੀ ਸੀ। **ਹਕੀਕਤ ਵਿੱਚ, ਯੂਰੋਜ਼ੋਨ ਦਾ ਸੰਕਟ ਇਸੇ ਦੂਸਰੇ ਪੱਧਰ ਦਾ ਇਜ਼ਹਾਰ ਹੈ ਜਿਸ ਵਿੱਚ ਸੰਕਟ ਰਾਜ ਅਤੇ ਅਸਲੀ ਅਰਥਚਾਰੇ ਤੱਕ ਪਹੁੰਚ ਚੁੱਕਿਆ ਹੈ।**

ਮੌਜੂਦਾ ਸੰਕਟ ਦਾ 'ਕੀ', 'ਕਿਉਂ' ਅਤੇ 'ਕਦੋਂ'... ਸੰਖੇਪ ਵਿੱਚ

ਯੂਰਪ 'ਚ ਹਾਲੇ ਜੋ ਹੋ ਰਿਹਾ ਹੈ, ਉਸ ਦਾ ਕ੍ਰਮ ਕੁਝ ਇਸ ਤਰ੍ਹਾਂ ਹੈ: ਪਹਿਲਾਂ ਬੈਂਕ ਤਬਾਹ ਹੋਏ; ਫੇਰ ਬੈਂਕਾਂ ਨੂੰ ਬਚਾਉਣ ਲਈ ਉਨ੍ਹਾਂ ਨੂੰ ਸਰਕਾਰਾਂ ਨੇ ਬੇਲਆਊਟ ਪੈਕੇਜ ਦਿੱਤੇ; ਇਨ੍ਹਾਂ ਪੈਕੇਜਾਂ ਕਰਕੇ ਸਰਕਾਰੀ ਖਜ਼ਾਨੇ ਨੂੰ ਭਾਰੀ ਬੋਝ ਝੱਲਣਾ ਪਿਆ; ਇਸ ਘਾਟੇ ਨਾਲ਼ ਨਿਬੜਣ ਲਈ ਸਰਕਾਰਾਂ ਕੋਲ ਆਮ ਤੌਰ 'ਤੇ ਤਿੰਨ ਢੰਗ ਹੁੰਦੇ ਹਨ, ਜੇਕਰ ਅਰਥਚਾਰੇ ਦੀ ਹਾਲਤ ਠੀਕ ਹੋਵੇ; ਇਨ੍ਹਾਂ ਤਿੰਨ ਰਾਹਾਂ ਦੀ ਗੱਲ ਅਸੀਂ ਅੱਗੇ ਕਰਾਂਗੇ, ਪਰ ਫਿਲਹਾਲ ਇੰਨਾ ਦੱਸਣਾ ਕਾਫ਼ੀ ਹੋਵੇਗਾ ਕਿ ਯੂਰਪ ਦੇ ਹੋਰਨਾਂ ਮੁਕਾਬਲੇ ਕਮਜ਼ੋਰ ਅਰਥਚਾਰਿਆਂ ਕੋਲ ਇਹ ਤਿੰਨ ਰਾਹ ਨਹੀਂ ਸਨ। ਘੱਟੋ-ਘੱਟ ਯੂਰੋਜ਼ੋਨ ਅੰਦਰ ਰਹਿੰਦੇ ਹੋਏ ਤਾਂ ਨਹੀਂ ਹੀ ਸਨ। ਇਸ ਲਈ ਪਹਿਲਾਂ ਆਪਣੇ ਆਲਮੀ ਵਿੱਤੀ ਬਾਜ਼ਾਰ ਦੇ ਸੰਕਟ ਦੇ ਰੂਪ ਵਿੱਚ ਸ਼ੁਰੂ ਹੋਏ ਸਾਮਰਾਜਵਾਦੀ ਸੰਕਟ ਨੇ ਇਸ ਵਾਰ ਕਰਜ ਸੰਕਟ ਦੇ ਰੂਪ ਵਿੱਚ ਆਪਣੇ ਆਪਨੂੰ ਪੇਸ਼ ਕੀਤਾ ਹੈ ਅਤੇ ਇਸ ਭੂਚਾਲ ਦਾ ਕੇਂਦਰ ਇਸ ਵਾਰ ਯੂਰੋਜ਼ੋਨ ਹੈ।

ਯੂਰਪੀ ਦੇਸ਼ਾਂ, ਵਿਸ਼ੇਸ਼ ਕਰਕੇ ਯੂਨਾਨ, ਪੁਰਤਗਾਲ, ਸਪੇਨ ਅਤੇ ਇਟਲੀ ਦੀਆਂ ਸਰਕਾਰਾਂ ਨੇ ਬੈਂਕਾਂ ਨੂੰ ਦਿੱਤੇ ਗਏ ਬੇਲਆਊਟ ਪੈਕੇਜ ਨਾਲ਼ ਹੋਏ ਘਾਟਿਆਂ ਨਾਲ਼ ਨਿਬੜਣ ਲਈ ਕਰਜਾ ਲੈਣਾ ਸ਼ੁਰੂ ਕੀਤਾ। ਇਹ ਕਰਜੇ ਸਰਕਾਰੀ ਬਾਂਡਾਂ ਦੇ ਰੂਪ ਵਿੱਚ ਲਏ ਜਾਂਦੇ ਹਨ। ਸਰਕਾਰਾਂ ਆਪਣਾ ਬਾਂਡ ਵਿੱਤੀ ਬਾਜ਼ਾਰ ਵਿੱਚ ਉਤਾਰਦੀਆਂ ਹਨ; ਉਹਨਾਂ ਨੂੰ ਬੈਂਕ, ਵਿੱਤੀ ਅਦਾਰੇ ਅਤੇ ਵੱਡੇ ਵਿੱਤੀ ਨਿਵੇਸ਼ਕ ਖਰੀਦਦੇ ਹਨ; ਇਨ੍ਹਾਂ ਬਾਂਡਾਂ 'ਤੇ ਸਰਕਾਰੀ ਨਿਯਮਬੱਧ ਵਿਆਜ਼ ਦਾ ਭੁਗਤਾਨ ਕਰਦੀ ਹੈ ਅਤੇ ਉਨ੍ਹਾਂ ਦਾ ਸਮਾਂ ਪੂਰਾ ਹੋਣ 'ਤੇ ਮੂਲਧਨ ਦਾ ਭੁਗਤਾਨ ਕਰ ਦੇਂਦੀ ਹੈ। ਇਸ ਵਾਰ ਵੀ ਯੂਨਾਨ, ਇਟਲੀ ਅਤੇ ਸਪੇਨ ਦੀਆਂ ਸਰਕਾਰਾਂ ਨੇ ਇਹੀ ਕੀਤਾ। ਪਰ ਸੰਕਟ ਦੇ ਦੌਰ 'ਚ ਇਨ੍ਹਾਂ ਬਾਂਡਾਂ ਲਈ ਵਿੱਤੀ ਬਾਜ਼ਾਰ 'ਚ ਜ਼ਿਆਦਾ ਖਰੀਦਦਾਰ ਮੌਜੂਦ ਨਹੀਂ ਸਨ; ਕਾਰਨ ਇਹ ਕਿ ਸੰਕਟ ਦੇ ਸ਼ੁਰੂ ਹੋਣ ਦੇ ਬਾਅਦ, ਅਤੇ ਬੇਲਆਊਟ ਪੈਕੇਜਾਂ ਦੇ ਦਿੱਤੇ ਜਾਣ ਤੋਂ ਬਾਅਦ ਤੋਂ ਸਰਕਾਰਾਂ ਨੇ ਆਪਣੇ ਨਿਯਮਿਤ ਖਰਚਿਆਂ ਨੂੰ ਪੂਰਾ ਕਰਨ ਲਈ ਇੰਨਾ ਕਰਜਾ ਲੈ ਲਿਆ ਸੀ ਕਿ ਕਈ ਦੇਸ਼ਾਂ 'ਚ ਇਹ ਕਰਜਾ ਕੁੱਲ ਘਰੇਲੂ ਪੈਦਾਵਾਰ ਦੇ 100 ਫੀਸਦੀ ਤੋਂ ਵੀ ਜ਼ਿਆਦਾ ਹੋ ਗਿਆ ਸੀ। ਨਤੀਜਾ ਇਹ ਹੋਇਆ ਕਿ ਇਨ੍ਹਾਂ ਸਰਕਾਰਾਂ ਦੇ ਸਾਹਮਣੇ ਇੱਕ ਭਿਅੰਕਰ ਸੰਕਟ ਆ ਖੜ੍ਹਾ ਹੋਇਆ। ਵਿਸ਼ੇਸ਼ ਕਰਕੇ ਯੂਨਾਨ ਦੀ ਸਰਕਾਰ ਕੋਲ ਤਾਂ ਅਗਲੇ ਮਹੀਨੇ ਆਪਣੇ ਮੁਲਾਜਮਾਂ ਨੂੰ ਤਨਖ਼ਾਹਾਂ ਦੇਣ ਅਤੇ ਆਪਣੇ ਸੇਵਾਮੁਕਤ ਲੋਕਾਂ ਨੂੰ ਪੈਨਸ਼ਨ ਤੱਕ ਦੇਣ ਲਈ ਧਨ ਨਹੀਂ ਹੈ। ਅਤੇ ਜਦ ਕੇਂਦਰੀ ਯੂਰਪੀ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਆਦਿ ਤੋਂ ਵੀ ਲੋੜੀਂਦੀ ਸਹਾਇਤਾ ਨਾ ਮਿਲ਼ੀ ਤਾਂ ਯੂਨਾਨ ਦੇ ਤਤਕਾਲੀ ਪ੍ਰਧਾਨ ਮੰਤਰੀ ਪਾਪੈਂਡਰੂ ਨੇ ਇਸ ਮਸਲੇ 'ਤੇ ਜਨਮਤ ਸੰਗ੍ਰਹਿ ਕਰਾਉਣ ਦਾ ਐਲਾਨ ਕਰ ਦਿੱਤਾ ਕਿ ਯੂਨਾਨ ਯੂਰੋਜ਼ੋਨ ਵਿੱਚ ਰਹੇ ਜਾਂ ਨਾ। ਕਾਰਨ ਇਹ ਹੈ ਕਿ ਇਸ ਸੰਕਟ ਤੋਂ ਆਰਜੀ ਤੌਰ 'ਤੇ ਨਿਬੜਣ ਦਾ ਇੱਕ ਰਾਹ ਸੀ ਮੁਦਰਾ ਸੁਧਾਰ ਦਾ। ਇਸ ਦਾ ਮਤਲਬ ਇਹ ਸੀ ਕਿ ਯੂਨਾਨ ਦਾ ਕੇਂਦਰੀ ਸਰਕਾਰੀ ਬੈਂਕ ਹੋਰ ਵੱਧ ਮੁਦਰਾ ਛਾਪਦਾ, ਮਹਿੰਗਾਈ ਵੱਧਦੀ ਅਤੇ ਕੁਝ ਸਮੇਂ ਲਈ ਵੱਧੀ ਹੋਈ ਬੇਰੁਜ਼ਗਾਰੀ ਅਤੇ ਮਹਿੰਗਾਈ ਦੇ ਨਾਲ਼ ਸੰਕਟ ਨੂੰ ਕੁਝ ਸਮੇਂ ਲਈ ਟਾਲ਼ਿਆ ਜਾ ਸਕਦਾ ਸੀ। ਪਰ ਯੂਰੋਜ਼ੋਨ ਵਿੱਚ ਰਹਿੰਦੇ ਹੋਏ ਇਹ ਸੰਭਵ ਨਹੀਂ ਸੀ ਕਿਉਂਕਿ ਯੂਰੋਜ਼ੋਨ ਇੱਕ ਹੀ ਮੁਦਰਾ ਯੂਰੋ ਦਾ ਇਸਤੇਮਾਲ ਕਰਦਾ ਹੈ ਅਤੇ ਕੋਈ ਵੀ ਇੱਕ ਮੈਂਬਰ ਦੇਸ਼ ਆਪਣੇ ਤੌਰ 'ਤੇ ਇਸ ਦਾ ਮੁੱਲ ਘਟਾਉਣ ਜਾਂ ਵਧਾਉਣ ਦਾ ਫੈਸਲਾ ਨਹੀਂ ਲੈ ਸਕਦਾ ਹੈ। ਇਹ ਯੂਰਪੀ ਮੁਦਰਾ ਸੰਘ ਅਤੇ ਯੂਰਪੀ ਕੇਂਦਰੀ ਬੈਂਕ ਵੱਲੋਂ ਤੈਅ ਕੀਤਾ ਜਾਂਦਾ ਹੈ। ਦੱਸਣ ਦੀ ਲੋੜ ਨਹੀਂ ਕਿ ਇਨ੍ਹਾਂ ਮੰਚਾਂ 'ਤੇ ਫ਼ਰਾਂਸ ਅਤੇ ਵਿਸ਼ੇਸ਼ ਕਰਕੇ ਜਰਮਨੀ ਦੇ ਅਨੁਸਾਰ ਨੀਤੀਆਂ ਤੈਅ ਹੁੰਦੀਆਂ ਹਨ। ਅਤੇ ਜਰਮਨੀ ਤੇ ਫ਼ਰਾਂਸ ਨੇ ਯੂਨਾਨੀ ਸੰਕਟ ਦਾ ਬੋਝ ਆਪਣੇ ਅਰਥਚਾਰੇ 'ਤੇ ਪਾਉਣ ਤੋਂ ਸਾਫ਼ ਮਨ੍ਹਾਂ ਕਰ ਦਿੱਤਾ, ਭਾਵੇਂ ਕਿ ਇਹ ਸੰਕਟ ਉਨ੍ਹਾਂ ਦੀਆਂ ਨਵ-ਉਦਾਰੀਕਰਨ ਦੀਆਂ ਨੀਤੀਆਂ ਦੇ ਦਬਾਅ ਕਾਰਨ ਪੈਦਾ ਹੋਇਆ ਸੀ। ਪਰ ਯੂਨਾਨੀ ਪ੍ਰਧਾਨ ਮੰਤਰੀ ਨੂੰ ਜਨਮਤ ਸੰਗ੍ਰਹਿ ਕਰਾਉਣ ਤੋਂ ਰੋਕ ਦਿੱਤਾ ਗਿਆ ਕਿਉਂਕਿ ਜਰਮਨੀ ਯੂਰਪੀ ਸੰਘ ਨੂੰ ਭੰਗ ਨਹੀਂ ਹੋਣ ਦੇਣ ਚਾਹੁੰਦਾ। ਉਹ ਉਸ ਅੰਦਰ ਆਪਣੀ ਹੋਰ ਡੂੰਘੀ ਹੈਜੇਮੋਨੀ ਕਾਇਮ ਕਰਨਾ ਚਾਹੁੰਦਾ ਹੈ ਅਤੇ ਫਿਰ ਯੂਰੋਜ਼ੋਨ ਜ਼ਰੀਏ ਅਮਰੀਕੀ ਚੌਧਰ ਨਾਲ਼ ਮੁਕਾਬਲਾ ਕਰਨਾ ਚਾਹੁੰਦਾ ਹੈ। ਫਿਲਹਾਲ, ਉਹ ਸਫ਼ਲ ਹੋ ਗਿਆ ਹੈ। ਪਾਪੈਂਡਰੂ ਨੇ ਅਸਤੀਫਾ ਦੇ ਦਿੱਤਾ ਹੈ ਅਤੇ ਆਰਥਕ ਸੰਕਟ ਨਾਲ਼ ਨਿਬੜਣ ਲਈ ਸਾਰਿਆਂ ਦਲਾਂ ਦੀ ਸਾਂਝੀ ਸਰਕਾਰ ਬਣੀ ਹੈ ਜਿਸ ਦਾ ਲੀਡਰ ਇੱਕ ਤਾਨਾਸ਼ਾਹ ਨਵ-ਉਦਾਰਵਾਦੀ ਪਾਪਾਡਿਮਾਸ ਨੂੰ ਚੁਣਿਆ ਗਿਆ ਹੈ। ਇਸ ਨਵੀਂ ਸਾਂਝੀ ਸਰਕਾਰ ਨੇ ਜਰਮਨੀ ਦੇ ਕਹਿਣ 'ਤੇ ਹੋਰ ਵੱਧ "ਕਿਰਸ" ਦੀਆਂ ਨੀਤੀਆਂ ਲਾਗੂ ਕਰਨ ਦਾ ਵਾਅਦਾ ਕੀਤਾ ਹੈ। ਜ਼ਾਹਰ ਹੈ ਕਿ ਪੂੰਜੀਵਾਦੀ ਸਰਕਾਰਾਂ ਕਟੌਤੀ ਹਮੇਸ਼ਾ ਲੋਕਾਂ 'ਤੇ ਹੋਣ ਵਾਲ਼ੇ ਖਰਚਿਆਂ 'ਤੇ ਕਰਦੀਆਂ ਹਨ, ਬੈਂਕਾਂ ਅਤੇ

ਕਾਰਪੋਰੇਸ਼ਨਾਂ ਨੂੰ ਦਿੱਤੀਆਂ ਜਾਣ ਵਾਲ਼ੀਆਂ ਛੋਟਾਂ ਅਤੇ ਬੇਲਆਊਟ ਪੈਕੇਜਾਂ ਵਿੱਚ ਨਹੀਂ! ਪਰ ਹਾਲੇ ਇਸ ਨਵੀਂ ਗੱਠਜੋੜ ਸਰਕਾਰ ਦਾ ਰਾਹ ਬਹੁਤ ਔਕੜਾਂ ਭਰਿਆ ਦਿਖਾਈ ਦੇ ਰਿਹਾ ਹੈ। ਕਾਰਨ ਇਹ ਹੈ ਕਿ ਸਰਕਾਰੀ ਖਰਚਿਆਂ 'ਚ ਕਟੌਤੀ ਦੇ ਫਲਸਰੂਪ ਵਧਦੀ ਬੇਰੁਜ਼ਗਾਰੀ, ਗਰੀਬੀ, ਮਹਿੰਗਾਈ, ਸਿੱਖਿਆ ਸਹੂਲਤਾਂ ਅਤੇ ਸਮਾਜਿਕ ਸੁਰੱਖਿਆ 'ਚ ਕਮੀ ਕਾਰਨ ਯੂਨਾਨੀ ਲੋਕ ਪਹਿਲਾਂ ਹੀ ਵਾਰ-ਵਾਰ ਸੜਕਾਂ 'ਤੇ ਉੱਤਰ ਰਹੇ ਹਨ। ਅਜਿਹੀ ਹਾਲਤ ਵਿੱਚ, ਆਉਣ ਵਾਲ਼ਾ ਸਮਾਂ ਹੀ ਦੱਸੇਗਾ ਕਿ ਯੂਰੋਜ਼ੋਨ ਕਿੰਨੇ ਸਮੇਂ ਤੱਕ ਟਿਕ ਪਾਉਂਦਾ ਹੈ।

ਇੱਕ ਸੰਭਾਵਨਾ ਇਹ ਵੀ ਹੈ ਕਿ ਇਸ ਸੰਕਟ ਦੀ ਹਾਲਤ 'ਚ ਨਿੱਕੇ ਮੱਧ ਵਰਗ ਅਤੇ ਆਮ ਮੱਧ ਵਰਗ ਵਿੱਚ ਅੰਨ੍ਹੀ-ਕੌਮਪ੍ਰਸਤੀ, ਪਰਵਾਸੀਆਂ, ਯਹੂਦੀਆਂ ਤੇ ਹੋਰ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਭੜਕਾ ਕੇ ਅਤੇ ਸੰਕਟ ਦਾ ਜ਼ਿੰਮੇਵਾਰ ਮਜ਼ਦੂਰਾਂ ਅਤੇ ਕਿਰਤੀਆਂ ਨੂੰ ਮਿਲਣ ਵਾਲ਼ੀ ਸਮਾਜਿਕ ਸੁਰੱਖਿਆ, "ਉੱਚੀ" ਮਜ਼ਦੂਰੀ ਅਤੇ ਸਹੂਲਤਾਂ ਨੂੰ ਦੱਸਕੇ ਕੋਈ ਅਤਿ-ਸੱਜੇਪੱਖੀ ਦਲ ਸੱਤ੍ਹਾ 'ਚ ਕਬਜਾ ਕਰ ਲਵੇ। ਭਾਵੇਂ ਕਿ, ਹੰਗਰੀ ਯੂਰਪੀ ਸੰਘ ਦਾ ਮੈਂਬਰ ਨਹੀਂ ਹੈ ਪਰ ਆਰਥਿਕ ਸੰਕਟ ਦਾ ਅਸਰ ਉੱਥੇ ਵੀ ਓਨਾ ਹੀ ਭਿਆਨਕ ਸੀ ਅਤੇ ਉੱਥੇ ਇਹੀ ਕੁਝ ਹੋਇਆ ਹੈ। ਇੱਕ ਨਵ-ਨਾਜ਼ੀ ਦਲ ਇਸ ਸਮੇਂ ਵੋਟਾਂ ਜ਼ਰੀਏ ਸੱਤ੍ਹਾ 'ਚ ਆ ਗਿਆ ਹੈ। ਫਿਨਲੈਂਡ 'ਚ ਵੀ ਅਜਿਹੀ ਸੰਭਾਵਨਾ ਬਣਦੀ ਨਜ਼ਰ ਆ ਰਹੀ ਹੈ। ਇਸ ਲਈ ਯੂਰੋਜ਼ੋਨ ਦਾ ਸੰਕਟ ਜ਼ਿਆਦਾਤਰ ਯੂਰਪੀ ਦੇਸ਼ਾਂ ਵਿੱਚ ਸੱਜੇਪੱਖੀਆਂ ਦੇ ਉਭਾਰ ਦਾ ਕਾਰਨ ਵੀ ਬਣ ਸਕਦਾ ਹੈ।

ਮੌਜੂਦਾ ਸੰਕਟ ਦੇ ਮਾਅਨੇ

ਫਿਲਹਾਲ, ਯੂਰੋਜ਼ੋਨ ਦੇ ਸੰਕਟ ਦੇ ਵਿਸ਼ਲੇਸ਼ਣ 'ਤੇ ਵਾਪਸ ਮੁੜਦੇ ਹਾਂ। ਮੌਜੂਦਾ ਯੂਰਪੀ ਸੰਕਟ ਨੇ ਕੁਝ ਗੱਲਾਂ ਇੱਕਦਮ ਸਾਫ਼ ਕਰ ਦਿੱਤੀਆਂ ਹਨ। **ਪਹਿਲੀ ਗੱਲ ਇਹ ਕਿ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਰਕਾਰੀ ਬਾਂਡਾਂ ਦੇ ਵੀ ਸੁਰੱਖਿਅਤ ਹੋਣ ਦੀ ਕੋਈ ਗਾਰੰਟੀ ਨਹੀਂ ਲਈ ਜਾ ਸਕਦੀ ਹੈ।** ਯੂਨਾਨੀ ਸਰਕਾਰ ਦੇ ਬਾਂਡਾਂ ਨਾਲ਼ ਇਹੀ ਹੋਇਆ ਹੈ। ਇਨ੍ਹਾਂ ਦੀ ਭਰੋਸੇਯੋਗਤਾ ਬਾਜ਼ਾਰ ਵਿੱਚ ਬੇਹੱਦ ਘੱਟ ਗਈ ਜਿਸ ਕਾਰਨ ਇਨ੍ਹਾਂ ਵਿੱਚ ਕੋਈ ਵੀ ਨਿਵੇਸ਼ ਨਹੀਂ ਕਰਨਾ ਚਾਹੁੰਦਾ। ਯੂਨਾਨੀ ਸਰਕਾਰ ਦੇ ਕਦੀ ਵੀ ਦਿਵਾਲ਼ੀਆ ਐਲਾਨੇ ਜਾਣ ਦੇ ਖ਼ਤਰਾ ਹੈ। ਪਰ ਸੱਟੇਬਾਜ਼ਾਂ ਲਈ ਹਰ ਹਾਲਤ ਇੱਕ ਮੌਕਾ ਹੁੰਦਾ ਹੈ। ਸੱਟੇਬਾਜ਼ ਇਸ 'ਤੇ ਵੀ ਦਾਅ ਲਗਾ ਰਹੇ ਹਨ ਕਿ ਯੂਨਾਨ ਕਦੋਂ ਦਿਵਾਲ਼ੀਆ ਹੁੰਦਾ ਹੈ! ਇਸ ਹਾਲਤ ਦੇ ਕਾਰਨਾਂ ਦੀ ਚਰਚਾ ਅਸੀਂ ਉੱਪਰ ਕਰ ਆਏ ਹਾਂ। ਇਸ ਕਰਜਾ ਸੰਕਟ ਦੀ ਇੱਕ ਖਾਸ ਗੱਲ ਇਹ ਵੀ ਹੈ ਕਿ ਸਾਰਾ ਕਰਜਾ ਇੱਕ ਅਜਿਹੀ ਮੁਦਰਾ 'ਚ ਹੈ ਜੋ ਕਿਸੀ ਇੱਕ ਦੇਸ਼ ਦੀ ਮੁਦਰਾ ਨਹੀਂ ਹੈ, ਸਗੋਂ ਕਈ ਦੇਸ਼ਾਂ ਦੇ ਇੱਕ ਸਮੂਹ ਦੀ ਮੁਦਰਾ ਹੈ।

ਦੂਜੀ ਖਾਸ ਗੱਲ ਇਹ ਹੈ ਕਿ ਸਰਕਾਰਾਂ ਵੱਡੇ ਬੈਂਕਾਂ ਅਤੇ ਵਿੱਤੀ ਅਦਾਰਿਆਂ ਦੇ ਕਰਜੇ ਥੱਲੇ ਦੱਬੀਆਂ ਹੋਈਆਂ ਹਨ। ਸਰਕਾਰੀ ਬਾਂਡ ਪਹਿਲਾਂ ਪ੍ਰਚੱਲਤ ਦੋ ਧਾਰਨਾਵਾਂ ਕਰਕੇ ਭਰੋਸੇਯੋਗ ਸਮਝੇ ਜਾਂਦੇ ਸਨ। ਇੱਕ ਕਾਰਨ ਇਹ ਸੀ ਕਿ ਸਰਕਾਰਾਂ ਕਦੀ ਵੀ ਟੈਕਸ ਪ੍ਰਣਾਲੀ ਜ਼ਰੀਏ ਸਾਧਨ ਜੁਟਾ ਸਕਦੀਆਂ ਹਨ; ਦੂਜਾ ਕਾਰਨ ਇਹ ਵੀ ਸੀ ਕਿ ਜਦੋਂ ਵੀ ਉਹ ਟੈਕਸ 'ਚ ਬਦਲਾਅ ਕਰਕੇ ਸਾਧਨ ਜੁਟਾਉਣ 'ਚ ਅਸਫਲ ਹੁੰਦੀਆਂ ਹਨ, ਤਾਂ ਉਹ ਆਪਣੇ ਕੇਂਦਰੀ ਬੈਂਕਾਂ ਨੂੰ ਮਹਿੰਗਾਈ ਦਰ ਨੂੰ ਵਧਾਉਣ ਅਤੇ ਹੋਰ ਵੱਧ ਮੁਦਰਾ ਛਾਪਣ ਦੇ ਲਈ ਕਹਿ ਸਕਦੀਆਂ ਹਨ। ਇਸ ਲਈ ਬੈਂਕ, ਵਿੱਤੀ ਅਦਾਰੇ ਅਤੇ ਨਿਵੇਸ਼ਕ ਸਰਕਾਰੀ ਬਾਂਡਾਂ ਵਿੱਚ ਬੇਝਿਜਕ ਨਿਵੇਸ਼ ਕਰਦੇ ਸੀ। ਉਹਨਾਂ ਨੂੰ ਲੱਗਦਾ ਸੀ ਕਿ ਇਸ ਨਿਯਮਿਤ ਵਿਆਜ਼ ਆਉਂਦਾ ਰਹੇਗਾ ਅਤੇ ਬਾਂਡ ਦੇ ਪਰਿਪੱਕ ਹੋ ਜਾਣ 'ਤੇ ਅਦਾਇਗੀ ਵੀ ਪੱਕੀ ਹੈ।

ਪਰ ਯੂਰੋਜ਼ੋਨ ਦੇ ਮੌਜੂਦਾ ਸੰਕਟ ਦੌਰਾਨ ਇਹ ਦੋਨੋਂ ਹੀ ਧਾਰਨਾਵਾਂ ਭਰਮ ਸਾਬਤ ਹੋਈਆਂ। ਇਸ ਦੇ ਕਈ ਕਾਰਨ ਸਨ। **ਪਹਿਲਾ ਕਾਰਨ ਇਹ ਸੀ ਕਿ ਸੰਕਟਮਈ ਦੇਸ਼ਾਂ ਦੀਆਂ ਸਰਕਾਰਾਂ ਧਨੀ ਵਰਗ 'ਤੇ ਟੈਕਸ ਵਧਾਉਣ ਦੀਆਂ ਜੁਰੱਅਤ ਨਹੀਂ ਕਰ ਸਕਦੀਆਂ ਸਨ ਨਹੀਂ ਤਾਂ ਜਿਸ ਵਰਤਾਰੇ ਨੂੰ ਸਰਮਾਏਦਾਰਾ ਅਰਥਸ਼ਾਸਤਰੀ 'ਟੈਕਸ ਰਿਵੋਲਟ' ਜਾਂ ਟੈਕਸ ਵਿਦਰੋਹ ਕਹਿੰਦੇ ਹਨ, ਉਹੀ ਹੁੰਦਾ।** ਭਾਵ ਪੂੰਜੀਪਤੀ ਜਮਾਤ ਇਸ ਸੰਕਟ ਦਾ ਇੱਕ ਪੈਸਾ ਵੀ ਬੋਝ ਚੁੱਕਣ ਲਈ ਤਿਆਰ ਨਹੀਂ ਹੈ। ਉਸ ਦੇ ਨਫ਼ੇ ਦੀਆਂ ਦਰਾਂ ਵਾਧੂ-ਪੈਦਾਵਾਰ ਦੇ ਸੰਕਟ ਅਤੇ ਆਲਮੀ ਵਿੱਤੀ ਸੰਕਟ ਦੇ ਕਾਰਨ ਪਹਿਲਾਂ ਹੀ ਹੇਠਾਂ ਡਿੱਗ ਰਹੀਆਂ ਹਨ। ਅਜਿਹੀ ਹਾਲਤ ਵਿੱਚ, ਉਹ ਟੈਕਸ ਵਧਾਏ ਜਾਣ 'ਤੇ ਆਪਣੀ ਮੁਕਾਬਲਾ ਸਮਰੱਥਾ ਗਵਾ ਦਿੰਦੀ ਅਤੇ ਸਰਮਾਏਦਾਰੀ ਢਾਂਚਾ ਇਹ ਬਰਦਾਸ਼ਤ ਨਹੀਂ ਕਰ ਸਕਦਾ। ਇਸ ਲਈ ਉੱਪਰ ਦੀਆਂ 10 ਫੀਸਦੀ ਧਨੀ ਜਮਾਤਾਂ 'ਤੇ ਟੈਕਸ ਦਾ ਬੋਝ ਵਧਾਇਆ ਨਹੀਂ ਜਾ ਸਕਦਾ ਸੀ। ਇਸ ਤੋਂ ਬਾਅਦ ਆਉਂਦੀਆਂ ਹਨ ਉੱਚ ਮੱਧ ਵਰਗ ਦੇ ਵੱਖ-ਵੱਖ ਪਰਤਾਂ ਜੋ ਕਿ ਵਿਸ਼ਵੀਕਰਨ ਦੇ ਦੌਰ ਵਿੱਚ ਸਰਮਾਏਦਾਰਾ ਰਾਜ ਸੱਤ੍ਹਾ ਦਾ ਪ੍ਰਮੁੱਖ ਸਮਾਜਿਕ ਥੰਮ੍ਹ ਹਨ। ਉਹਨਾਂ ਨੂੰ ਵੀ ਨਾਰਾਜ਼ ਕਰਨ ਦਾ ਖ਼ਤਰਾ ਨਹੀਂ ਲਿਆ ਜਾ ਸਕਦਾ। ਨਤੀਜੇ ਵਜੋਂ, ਸੂਈ ਆ ਕੇ ਰੁੱਕਦੀ ਹੈ ਆਮ ਗਰੀਬ ਕਿਰਤੀ ਆਬਾਦੀ 'ਤੇ। ਪਰ ਯੂਨਾਨ ਦੇ ਮਾਮਲੇ ਵਿੱਚ ਇਹ ਵੀ ਸੰਭਵ ਨਹੀਂ ਸੀ। ਕਿਉਂਕਿ ਆਮ ਕਿਰਤੀ ਆਬਾਦੀ 'ਤੇ ਸਰਮਾਏਦਾਰੀ ਸੰਕਟ ਦਾ ਬੋਝ ਪਹਿਲਾਂ ਹੀ ਇਸ ਹੱਦ ਤੱਕ ਪਾਇਆ ਜਾ ਚੁੱਕਿਆ ਸੀ ਕਿ ਉਹ ਸੜਕਾਂ 'ਤੇ ਸੀ। ਜੇਕਰ ਇਸ ਤੋਂ ਬਾਅਦ ਹੋਰ ਵੱਧ ਬੋਝ ਉਸ 'ਤੇ ਪਾਇਆ ਜਾਂਦਾ ਤਾਂ ਉਹ ਬਗਾਵਤ ਦੇ ਰਾਹ 'ਤੇ ਜਾ ਸਕਦੀ ਸੀ। ਘੱਟੋ-ਘੱਟ ਫੌਰੀ ਅਜਿਹਾ ਕਰ ਸਕਣਾ ਸੰਭਵ ਨਹੀਂ ਸੀ। ਅਜਿਹਾ ਕਰਨ ਤੋਂ ਪਹਿਲਾਂ ਕੌਮਵਾਦ, ਦੇਸ਼ਭਗਤੀ ਅਤੇ ਕੌਮੀ ਸੁਰੱਖਿਆ ਆਦਿ ਨੂੰ ਲੈ ਕੇ ਸਰਮਾਏਦਾਰੀ ਪ੍ਰਚਾਰ ਮੁਹਿੰਮ ਚਲਦੀ ਜਿਸ ਵਿੱਚ ਆਮ ਗਰੀਬ ਕਿਰਤੀ ਆਬਾਦੀ ਨੂੰ ਅਲੱਗ ਕਰਕੇ ਬਾਕੀ 30 ਫੀਸਦੀ ਆਬਾਦੀ ਨੂੰ ਸੱਜੇਪੱਖੀ ਮਾਰਗ ਵੱਲ ਮੋੜਿਆ ਜਾਂਦਾ; ਮਜ਼ਦੂਰ ਲਹਿਰ ਨੂੰ ਤੋੜਨ ਲਈ ਤਰ੍ਹਾਂ-ਤਰ੍ਹਾਂ ਦੇ ਵਿਚਾਰਧਾਰਕ ਅਤੇ ਸਿਆਸੀ ਸੰਦਾਂ ਦਾ ਇਸਤੇਮਾਲ ਕੀਤਾ ਜਾਂਦਾ ਅਤੇ ਉਨ੍ਹਾਂ ਵਿੱਚ ਫੁੱਟ ਪਾਈ ਜਾਂਦੀ

ਅਤੇ ਫਿਰ ਕਿਸੇ ਸਰਵਸੱਤਾਵਾਦੀ ਫਾਸੀਵਾਦੀ ਸਰਕਾਰ ਦੇ "ਸਖ਼ਤ ਕਦਮਾਂ" ਵੱਲੋਂ ਇਹ ਕੰਮ ਪੂਰਾ ਕੀਤਾ ਜਾ ਸਕਦਾ ਸੀ। ਸ਼ਾਇਦ ਯੂਨਾਨੀ ਹਾਕਮ ਜਮਾਤ ਨੇ ਹਾਲੇ ਇਸੇ ਲਈ ਇੱਕ ਮੋਹਲਤ ਲਈ ਹੈ। **ਇਸ ਤਰ੍ਹਾਂ ਸਾਫ਼ ਹੈ ਕਿ ਯੂਨਾਨੀ ਹਾਕਮ ਜਮਾਤ ਤੁਰੰਤ ਕਿਸੇ ਵੀ ਜਮਾਤ 'ਤੇ ਟੈਕਸ ਦਾ ਬੋਝ ਵਧਾ ਕੇ ਆਪਣੀ ਆਮਦਨ ਨੂੰ ਨਹੀਂ ਵਧਾ ਸਕਦੀ ਸੀ।**

ਦੂਜਾ ਰਾਹ, ਮੁਦਰਾ ਸਮਾਯੋਜਨ ਦਾ ਹੋ ਸਕਦਾ ਸੀ ਪਰ ਉਹ ਵੀ ਯੂਰੋਜ਼ੋਨ ਦੇ ਨਿਯਮਾਂ ਕਾਰਨ ਅਤੇ ਇੱਕ ਸਾਂਝੀ ਮੁਦਰਾ ਹੋਣ ਕਾਰਨ ਸੰਭਵ ਨਹੀਂ ਸੀ। ਕਿਉਂਕਿ ਮੁਦਰਾ ਦੀ ਕਦਰ ਘਟਾਈ ਅਤੇ ਮਹਿੰਗਾਈ ਦੇ ਫੈਸਲੇ ਯੂਰਪੀ ਮੁਦਰਾ ਸੰਘ ਲੈਂਦਾ ਹੈ ਇਸ ਲਈ ਸਰਕਾਰਾਂ ਨੂੰ ਜਦ ਕਰਜੇ ਦੀ ਲੋੜ ਹੁੰਦੀ ਹੈ ਤਾਂ ਉਹ ਨਿੱਜੀ ਨਿਵੇਸ਼ਕਾਂ, ਬੈਂਕਾਂ ਅਤੇ ਵਿੱਤੀ ਅਦਾਰਿਆਂ ਦੇ "ਖੁੱਲ੍ਹੇ ਬਾਜ਼ਾਰ" ਵੱਲ ਮੁੜਦੀਆਂ ਹਨ। ਅਤੇ ਇਸ ਸਮੇਂ ਯੂਨਾਨ ਨੂੰ ਕਰਜ ਦੇਣ ਲਈ ਕੋਈ ਤਿਆਰ ਨਹੀਂ ਸੀ; ਜਾਂ ਫਿਰ ਇੰਨੇ ਜ਼ਿਆਦਾ ਵਿਆਜ਼ 'ਤੇ ਦੇ ਰਿਹਾ ਸੀ ਕਿ ਉਸ ਦਾ ਭਾਰ ਯੂਨਾਨ ਦਾ ਅਰਥਚਾਰਾ ਨਹੀਂ ਚੁੱਕ ਸਕਦਾ ਸੀ। ਇਸ ਦਾ ਕਾਰਨ ਅਸੀਂ ਪਹਿਲਾਂ ਹੀ ਦਸ ਚੁੱਕੇ ਹਾਂ। ਸੰਕਟ ਦੇ ਦੌਰ 'ਚ ਯੂਰਪ ਦੇ ਕਮਜ਼ੋਰ ਅਰਥਚਾਰਿਆਂ 'ਤੇ ਵਿਦੇਸ਼ੀ ਕਰਜਾ ਇੰਨਾ ਵਧ ਚੁੱਕਿਆ ਹੈ ਕਿ ਉਨ੍ਹਾਂ ਦੇ ਦਿਵਾਲੀਆ ਹੋਣ ਦੇ ਅਨੁਮਾਨ ਲਗਾਏ ਜਾ ਰਹੇ ਹਨ। ਅਜਿਹੀ ਹਾਲਤ ਵਿੱਚ ਵਿੱਤੀ ਕਰਜਾ ਬਾਜ਼ਾਰ ਵਿੱਚ ਉਨ੍ਹਾਂ ਦੀ ਭਰੋਸੇਯੋਗਤਾ ਹੇਠਾਂ ਡਿੱਗ ਚੁੱਕੀ ਹੈ ਅਤੇ ਕੋਈ ਵੀ ਨਿਵੇਸ਼ਕ ਇਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਬਾਂਡਾਂ ਵਿੱਚ ਨਿਵੇਸ਼ ਨਹੀਂ ਕਰ ਸਕਦਾ। ਭਾਵੇਂ ਕਿ, ਇਹ ਉਹੀ ਨਿਵੇਸ਼ਕ, ਵਿੱਤੀ ਅਦਾਰੇ ਅਤੇ ਬੈਂਕ ਹਨ ਜਿਨ੍ਹਾਂ ਨੂੰ ਯੂਰਪੀ ਦੇਸ਼ਾਂ ਦੀਆਂ ਸਰਕਾਰਾਂ ਨੇ ਲੋਕਾਂ ਦੇ ਪੈਸੇ ਨਾਲ਼ ਬੇਲਆਊਟ ਪੈਕੇਜ ਦੇ ਕੇ ਸੰਕਟ ਦੇ ਸਮੇਂ ਬਚਾਇਆ ਸੀ। ਇਨ੍ਹਾਂ ਸਰਕਾਰਾਂ ਲਈ ਬੈਂਕਾਂ, ਵਿੱਤੀ ਅਦਾਰਿਆਂ ਅਤੇ ਵਿੱਤੀ ਨਿਵੇਸ਼ਕਾਂ ਨੂੰ ਦਿਵਾਲ਼ੀਆ ਹੋਣ ਤੋਂ ਬਚਾਉਣਾ ਮਜ਼ਬੂਰੀ ਸੀ। ਕਿਉਂਕਿ ਅੱਜ ਦੀ ਪੂਰਾ ਆਲਮੀ ਆਰਥਿਕ ਢਾਂਚਾ ਵਿੱਤੀ ਪੂੰਜੀ ਦੇ ਅਧੀਨ ਹੈ। ਜੇਕਰ ਇਨ੍ਹਾਂ ਬੈਂਕਾਂ ਨੂੰ ਬੇਲਆਊਟ ਅਤੇ ਸਟਿਮੂਲਸ ਪੈਕੇਜ ਦੇ ਕੇ ਸਰਕਾਰਾਂ ਨਾਲ਼ ਬਚਾਉਂਦੀਆਂ ਤਾਂ ਪੂਰੇ ਦਾ ਪੂਰੇ ਸਰਮਾਏਦਾਰ ਅਰਥਚਾਰਾ ਹੀ ਡਿੱਗ ਜਾਵੇਗਾ।

ਸੋਧਵਾਦੀ ਅਤੇ ਸੁਧਾਰਵਾਦੀ ਨੀਮਹਕੀਮਾਂ ਦੇ ਕੀਂਸਵਾਦੀ ਨੁਸਖੇ ਅਤੇ ਉਹਨਾਂ ਦਾ ਦਿਵਾਲ਼ੀਆਪਣ

ਮਨੋਵਿਸ਼ਲੇਸ਼ਣ ਦੇ ਨੇਮਾਂ ਅਨੁਸਾਰ ਕਿਸੇ ਗੱਲ ਨੂੰ ਜਾਨਣ ਅਤੇ ਉਸ 'ਤੇ ਵਿਸ਼ਵਾਸ ਕਰਨ ਦੇ ਵਿੱਚ ਇੱਕ ਡੂੰਘਾ ਫਰਕ ਹੁੰਦਾ ਹੈ। ਮਿਸਾਲ ਦੇ ਤੌਰ 'ਤੇ, ਹੋ ਸਕਦਾ ਹੈ ਕਿ ਤੁਸੀਂ ਕੁਝ ਜਾਣਦੇ ਹੋਵੋ, ਪਰ ਤੁਸੀਂ ਉਸ 'ਤੇ ਵਿਸ਼ਵਾਸ ਨਾ ਕਰਦੇ ਹੋਵੋ! ਜਾਂ ਤੁਸੀਂ ਕਿਸੇ ਗੱਲ 'ਤੇ ਵਿਸ਼ਵਾਸ ਕਰਦੇ ਹੋਵੋ, ਪਰ ਉਸ ਨੂੰ ਜਾਣਦੇ ਨਾ ਹੋਵੋ! ਜੈਕਸ ਲਕਾਂ ਨੇ ਇਸ ਗੱਲ ਨੂੰ ਦਿਲਚਸਪ ਤਰੀਕੇ ਨਾਲ਼ ਸਮਝਿਆ ਹੈ। ਇਹੀ ਗੱਲ ਸੋਧਵਾਦੀਆਂ 'ਤੇ ਵੀ ਲਾਗੂ ਹੁੰਦੀ ਹੈ। ਉਹ ਜਾਣਦੇ ਹਨ ਕਿ ਕੀਂਸਵਾਦੀ ਨੁਸ਼ਖੇ ਪੂੰਜੀਵਾਦ ਨੂੰ ਅਖ਼ੀਰ ਤੱਕ ਨਹੀਂ ਬਚਾ ਸਕਦੇ, ਪਰ ਉਹ ਪੂੰਜੀਵਾਦ ਦੇ ਅੰਤ ਵਿੱਚ ਵਿਸ਼ਵਾਸ ਨਹੀਂ ਕਰਦੇ!

ਸੋਧਵਾਦੀ, ਸੁਧਾਰਵਾਦੀ ਅਤੇ ਕੀਂਸਵਾਦੀ ਅਰਥਸ਼ਾਸਤਰੀ ਜਿਵੇਂ ਕਿ **ਜਯਤਿ ਘੋਸ਼, ਸੀ. ਪੀ. ਚੰਦਰਸ਼ੇਖਰ, ਪ੍ਰਭਾਤ ਪਟਨਾਇਕ** ਆਦਿ ਕਹਿੰਦੇ ਹਨ ਕਿ ਜੇਕਰ ਇਨ੍ਹਾਂ ਵਿੱਤੀ ਅਦਾਰਿਆਂ ਅਤੇ ਬੈਂਕਾਂ ਨੂੰ ਬਚਾਉਣ ਦੀ ਬਜਾਏ ਸਰਕਾਰ ਆਪਣੇ ਸਮਾਜਿਕ ਸੁਰੱਖਿਆ ਪ੍ਰੋਗਰਾਮਾਂ ਨੂੰ ਵਧਾਉਂਦੀ, ਹਕੀਕੀ ਅਰਥਚਾਰੇ ਵਿੱਚ ਨਿਵੇਸ਼ ਕਰਦੀ ਤਾਂ ਇਸ ਨਾਲ਼ ਬੇਰੁਜ਼ਗਾਰੀ ਘੱਟ ਹੁੰਦੀ, ਲੋਕਾਂ ਦੀ ਕੰਮ ਕਰਨ ਦੀ ਸਮਰਥਾ ਵੱਧਦੀ, ਅਰਥਚਾਰੇ ਦਾ ਵਿਕਾਸ ਹੁੰਦਾ, ਘੱਟ-ਖਪਤ ਦਾ ਸੰਕਟ ਖ਼ਤਮ ਹੁੰਦਾ ਅਤੇ ਆਰਥਿਕ ਸੰਕਟ ਤੋਂ ਰਾਹਤ ਮਿਲ਼ ਜਾਂਦੀ। ਇਹ ਅਰਥਸ਼ਾਸਤਰੀ ਹਕੀਕਤ ਵਿੱਚ ਉਹ ਪੁਰਾਣਾ **ਹਾਬਸਨਵਾਦੀ ਘੱਟ-ਖਪਤਵਾਦੀ, ਸੁਧਾਰਵਾਦੀ ਅਤੇ ਕੀਂਸਿਆਈ ਸੁਝਾਅ** ਦੇ ਰਹੇ ਹਨ ਜਿਨ੍ਹਾਂ ਨੂੰ ਬਹੁਤ ਪਹਿਲਾਂ ਤਰਕ ਦੇ ਅਧਾਰ 'ਤੇ ਰੱਦ ਕੀਤਾ ਜਾ ਚੁੱਕਿਆ ਹੈ।

ਇਸ ਤਰਕ ਦਾ ਸਭ ਤੋਂ ਵੱਡਾ ਦਿਵਾਲੀਆਪਣ ਇਹ ਹੈ ਕਿ ਇਹ ਵਿੱਤੀ ਸਰਮਾਏ ਦੀ ਤਾਨਾਸ਼ਾਹੀ ਨੂੰ ਸਰਮਾਏਦਾਰੀ ਦਾ ਇੱਕ ਭਟਕਾਅ ਮੰਨਦੇ ਹਨ, ਨਿਯਮ ਨਹੀਂ। ਇਹ ਸਰਮਾਏਦਾਰੀ ਦੇ ਇਤਿਹਾਸਕ ਵਿਕਾਸ ਦੀਆਂ ਚਰਿਤਰਕ ਖਾਸੀਅਤਾਂ ਨੂੰ ਭੁੱਲ ਜਾਂਦੇ ਹਨ। ਅੱਜ ਜੋ ਇਜ਼ਾਰੇਦਾਰ ਵਿੱਤੀ ਪੂੰਜੀ ਸਮੁੱਚੇ ਅਰਥਚਾਰੇ 'ਤੇ ਆਪਣੀ ਪਕੜ ਬਣਾ ਕੇ ਬੈਠੀ ਹੈ, ਉਹ ਪੂੰਜੀਵਾਦ ਦੀ ਕੁਦਰਤੀ ਗਤੀ ਨਾਲ਼ ਪੈਦਾ ਹੋਈ ਹੈ। ਅੱਜ ਜਦੋਂ ਕੁਝ ਲੋਕ ਅਮਰੀਕਾ ਵਿੱਚ ਨਾਹਰਾ ਦੇਂਦੇ ਹਨ ਕਿ 'ਮੇਨ ਸਟਰੀਟ ਨੂੰ ਬਚਾਓ, ਵਾਲ ਸਟਰੀਟ ਨੂੰ ਨਹੀਂ!' ਤਾਂ ਉਹ ਭੁੱਲ ਜਾਂਦੇ ਹਨ ਕਿ ਮੌਜੂਦਾ ਸਰਮਾਏਦਾਰਾ ਢਾਂਚੇ ਦੇ ਅੰਦਰ ਵਾਲ ਸਟਰੀਟ (ਵਿੱਤੀ ਸਰਮਾਏ ਦੀ ਸੱਤ੍ਹਾ) ਨੂੰ ਬਚਾਏ ਬਿਨਾਂ ਮੇਨ ਸਟਰੀਟ (ਆਮ ਲੋਕਾਂ) ਨੂੰ ਬਚਾ ਸਕਣਾ ਸੰਭਵ ਹੀ ਨਹੀਂ ਹੈ! ਇਸ ਲਈ ਸਰਮਾਏਦਾਰਾ ਸਰਕਾਰਾਂ ਲਈ ਬੈਂਕਾਂ ਅਤੇ ਵਿੱਤੀ ਅਦਾਰਿਆਂ ਨੂੰ ਬਚਾਉਣਾ ਅਤੇ ਉਹਨਾਂ ਦੀ ਸੇਵਾ ਕਰਨੀ, ਉਹਨਾਂ ਦਾ ਭਟਕਾਅ ਨਹੀਂ, ਸਗੋਂ ਉਹਨਾਂ ਨੂੰ ਬੰਨ੍ਹਣ ਵਾਲ਼ਾ ਨੇਮ ਹੈ! ਅਤੇ ਯੂਰਪੀ ਸਰਕਾਰਾਂ ਨੇ ਵੀ ਇਹੀ ਕੀਤਾ। ਸਰਮਾਏਦਾਰਾ ਲੁੱਟ ਇੱਥੇ ਕਿਸ ਤਰ੍ਹਾਂ ਨਾਲ਼ ਹੋ ਰਹੀ ਹੈ, ਉਹ ਬਿਲਕੁਲ ਸਾਫ ਹੈ। ਪਹਿਲਾਂ ਸਰਕਾਰ ਦਿਵਾਲ਼ੀਆ ਹੋ ਰਹੇ ਬੈਂਕਾਂ ਨੂੰ ਬਚਾਉਂਦੀ ਹੈ ਅਤੇ ਅਰਬਾਂ ਡਾਲਰ ਸਰਕਾਰੀ ਖਜ਼ਾਨੇ ਤੋਂ ਲੋਕਾਂ 'ਤੇ ਭਾਰ ਪਾਉਂਦੇ ਹੋਏ ਉਹਨਾਂ ਨੂੰ ਦੇਂਦੀ ਹੈ। ਜਦੋਂ ਸਰਕਾਰ ਖੁਦ ਇਨ੍ਹਾਂ ਬੇਲਆਊਟ ਪੈਕੇਜਾਂ ਕਾਰਨ ਦਿਵਾਲ਼ੀਆ ਹੋਣ ਦੇ ਕੰਢੇ ਪਹੁੰਚ ਜਾਂਦੀ ਹੈ, ਤਾਂ ਫਿਰ ਉਹੀ ਬੈਂਕਾਂ ਤੋਂ ਉੱਚੀ ਵਿਆਜ਼ ਦਰਾਂ 'ਤੇ ਉਹੀ ਪੈਸੇ ਵਿੱਚੋਂ ਕਰਜਾ ਮੰਗਦੀ ਹੈ, ਜੋ ਖੁਦ ਉਸ ਨੇ ਇਨ੍ਹਾਂ ਬੈਂਕਾਂ ਨੂੰ ਦਿੱਤਾ ਸੀ, ਤਾਂ ਇਹ ਬੈਂਕ ਇਨਕਾਰ ਕਰ ਦੇਂਦੇ ਹਨ! ਉਹ ਕਹਿੰਦੇ ਹਨ ਕਿ ਸਰਕਾਰ ਦੇ ਬਾਂਡ ਦੀ ਕੋਈ ਭਰੋਸੇਯੋਗਤਾ ਇਸ ਸੰਕਟ ਦੇ ਸਮੇਂ ਨਹੀਂ ਰਹੀ ਹੈ। ਜਦੋਂ ਕਿ ਇਹ ਸੰਕਟ ਹਕੀਕਤ ਵਿੱਚ ਉਹਨਾਂ ਦਾ ਸੰਕਟ ਹੈ ਜੋ ਉਹਨਾਂ ਨੇ ਸਰਕਾਰ ਸਿਰ ਪਾ ਦਿੱਤਾ! ਇਸ ਤੋਂ ਉਲਟ ਇਹ ਬੈਂਕ ਸਰਕਾਰ ਦੇ ਸਾਹਮਣੇ ਸ਼ਰਤ ਰੱਖਦੇ ਹਨ

ਕਿ ਜੇਕਰ ਉਹ ਪਬਲਿਕ ਸੈਕਟਰ ਦੇ ਖਰਚਿਆਂ (ਭਾਵ, ਆਮ ਲੋਕਾਂ ਦੇ ਸਿੱਖਿਆ, ਸਿਹਤ, ਸਮਾਜਿਕ ਸੁਰੱਖਿਆ, ਬਸੇਰਾ, ਰੁਜ਼ਗਾਰ ਆਦਿ 'ਤੇ ਹੋਣ ਵਾਲਾ ਖਰਚ) 'ਚ ਕਟੌਤੀ ਕਰੇ ਅਤੇ ਨਵਉਦਾਰਵਾਦੀ ਨੀਤੀਆਂ ਨੂੰ ਲਾਗੂ ਕਰੇ ਤਾਂ ਉਹ ਬੇਹੱਦ ਉੱਚੀਆਂ ਦਰਾਂ 'ਤੇ ਕੁਝ ਕਰਜਾ ਦੇ ਸਕਦੇ ਹਨ! **ਭਾਵ, ਵਿੱਤੀ ਪੂੰਜੀ ਦੀ ਤਾਨਾਸ਼ਾਹੀ ਦੇ ਇਸ ਦੌਰ ਵਿੱਚ ਉਸ ਦੇ ਹਰ ਸੰਕਟ ਦਾ ਭਾਰ ਲੋਕਾਂ 'ਤੇ ਪਾ ਦਿੱਤਾ ਜਾਂਦਾ ਹੈ, ਪਰ ਜਦੋਂ ਸਰਕਾਰਾਂ ਦਿਵਾਲ਼ੀਆ ਹੁੰਦੀਆਂ ਹਨ ਅਤੇ ਲੋਕਾਂ ਨੂੰ ਮਜ਼ਦੂਰੀ ਅਤੇ ਤਨਖ਼ਾਹਾਂ ਦੇਣ ਤੱਕ ਦੇ ਲਈ ਉਹਨਾਂ ਕੋਲ਼ ਪੈਸਾ ਨਹੀਂ ਹੁੰਦਾ, ਤਾਂ ਵਿੱਤੀ ਸਰਮਾਇਆ ਕਰਜ਼ਾ ਦੇਣ ਤੋਂ ਇਨਕਾਰ ਕਰ ਦੇਂਦਾ ਹੈ!**

ਜਦੋਂ ਲੋਕਾਂ ਦੇ ਪੈਸੇ ਨਾਲ਼ ਦਿੱਤੇ ਗਏ ਬੇਲਆਊਟ ਪੈਕੇਜਾਂ ਨਾਲ਼ ਨਿੱਜੀ ਜਾਇਦਾਦ ਦੀ ਰੱਖਿਆ ਕਰ ਲਈ ਗਈ ਤਾਂ ਸਰਕਾਰਾਂ 'ਤੇ ਵਿੱਤੀ ਅਦਾਰਿਆਂ ਨੇ ਦਬਾਅ ਪਾਇਆ ਕਿ ਉਹ ਪਬਲਿਕ ਸੈਕਟਰ ਦੇ ਖਰਚਿਆਂ ਵਿੱਚ ਕਟੌਤੀ ਕਰੇ। ਪਬਲਿਕ ਸੈਕਟਰ ਦੇ ਖਰਚਿਆਂ ਵਿੱਚ ਕਟੌਤੀ ਰੁਜ਼ਗਾਰ ਘਟਾਉਂਦੀ ਹੈ, ਖਪਤ ਵਿੱਚ ਕਮੀ ਲਿਆਉਂਦੀ ਹੈ ਅਤੇ ਕੁਲ ਵਾਧੇ ਨੂੰ ਘੱਟ ਕਰਦੀ ਹੈ। ਨਤੀਜੇ ਵਜੋਂ, ਸਰਕਾਰੀ ਆਮਦਨ ਹੋਰ ਹੇਠਾਂ ਆਉਂਦੀ ਹੈ। ਫਿਰ ਸਰਕਾਰ ਹੋਰ ਕਰਜਾ ਦੇਣ ਵਾਲਿਆਂ ਨੂੰ ਲੱਭਦੀ ਹੈ ਅਤੇ ਉਹਨਾਂ ਤੋਂ ਕਰਜ਼ਾ ਲੈਂਦੀ ਹੈ। ਨਵੇਂ ਕਰਜ਼ਾ ਦੇਣ ਵਾਲ਼ੇ ਵੀ ਪਬਲਿਕ ਸੈਕਟਰ ਦੇ ਖਰਚਿਆਂ ਵਿੱਚ ਹੋਰ ਕਟੌਤੀ ਦੀ ਸ਼ਰਤ 'ਤੇ ਹੋਰ ਬੇਹੱਦ ਉੱਚੀਆਂ ਵਿਆਜ਼ ਦਰਾਂ 'ਤੇ ਕਰਜ਼ ਦੇਂਦੇ ਹਨ। ਅਤੇ ਫਿਰ ਇਹੀ ਕੁਚੱਕਰ ਚੱਲਦਾ ਰਹਿੰਦਾ ਹੈ, ਜਦੋਂ ਤੱਕ ਕਿ ਪਬਲਿਕ ਸੈਕਟਰ ਦੇ ਖਰਚਿਆਂ 'ਚ ਕਟੌਤੀ ਕਰਕੇ ਲੋਕਾਂ 'ਤੇ ਸੰਕਟ ਦਾ ਭਾਰ ਵਧਦੇ ਜਾਣਾ ਸਿਆਸੀ ਤੌਰ 'ਤੇ ਅਸੰਭਵ ਹੋ ਜਾਂਦਾ ਹੈ। ਯੂਨਾਨ ਵਿੱਚ ਇਹੀ ਸਭ ਕੁਝ ਹੋਇਆ ਹੈ, ਜਿੱਥੇ ਸਰਕਾਰ ਅਗਲੇ ਮਹੀਨੇ ਦੀਆਂ ਤਨਖ਼ਾਹਾਂ ਅਤੇ ਪੈਨਸ਼ਨ ਦੇਣ ਲਈ ਵੀ ਕਰਜ਼ ਦੀ ਗਰਜ਼ਦਾਰ ਹੈ!

ਸੰਸਾਰ ਸਰਮਾਏਦਾਰੀ ਨੇ ਯੂਰੋਜ਼ੋਨ ਦੇ ਸੰਕਟ ਨਾਲ਼ ਨਿਬੜਨ ਲਈ ਕੀ ਕੀਤਾ, ਭਾਵ, 'ਆਬਸੇਸਿਵ ਕੰਪਲਸਿਵ ਡਿਸਾਰਡਰ'

ਇੱਕ ਹੋਰ ਮਨੋਵਿਗਿਆਨਕ ਰੋਗ ਹੁੰਦਾ ਹੈ: ਆਬਸੇਸਿਵ ਕੰਪਲਸਿਵ ਡਿਸਾਰਡਰ। ਇਸ ਵਿੱਚ ਰੋਗੀ ਜਾਣਦਾ ਹੈ ਕਿ ਉਹ ਜੋ ਕਰ ਰਿਹਾ ਹੈ ਉਹ ਬੇਕਾਰ ਹੈ, ਪਰ ਫਿਰ ਵੀ ਉਹ ਇਸ ਨੂੰ ਕਰਦਾ ਹੈ ਕਿਉਂਕਿ ਉਸ ਦੇ ਮਨ ਵਿੱਚ ਆਦਤ ਅਤੇ ਫਿਤਰਤ ਦੀ ਇੱਕ ਗੱਠ ਹੈ ਜੋ ਉਸ ਨੂੰ ਅਜਿਹਾ ਕਰਨ ਲਈ ਮਜ਼ਬੂਰ ਕਰਦੀ ਹੈ। ਸੰਸਾਰ ਸਰਮਾਏਦਾਰੀ ਨੇ ਪਹਿਲਾਂ ਦੇ ਸਬਪ੍ਰਾਈਮ ਸੰਕਟ ਦੇ ਦੌਰ ਵਾਂਗ ਇੱਕ ਵਾਰ ਫੇਰ ਦਿਖਾਇਆ ਹੈ ਕਿ ਉਸ ਨੂੰ ਇਹ ਰੋਗ ਗੰਭੀਰਤਾ ਨਾਲ਼ ਫੜੀ ਬੈਠਾ ਹੈ!

ਇਸ ਸੰਕਟ ਦੇ "ਹੱਲ" ਦੇ ਤੌਰ 'ਤੇ ਸਰਮਾਏਦਾਰਾ ਆਰਥਿਕ ਏਜੰਸੀਆਂ ਨੇ ਜੋ ਕਦਮ ਚੁੱਕੇ ਹਨ ਉਹ ਵੀ ਲਾ-ਜਵਾਬ ਹਨ! ਕਾਫ਼ੀ ਗੱਲਬਾਤ ਤੋਂ ਬਾਅਦ ਬੈਂਕ ਯੂਨਾਨ ਤੋਂ ਆਪਣੀ ਕੁਝ ਲੈਣਦਾਰੀਆਂ ਨੂੰ ਛੱਡਣ ਲਈ ਤਿਆਰ ਹੋ ਗਏ ਹਨ। ਪਰ ਇਸ ਦੇ ਬਦਲੇ ਵਿੱਚ ਉਹਨਾਂ ਨੇ ਸ਼ਰਤ ਰੱਖੀ ਹੈ ਕਿ ਯੂਨਾਨੀ ਸਰਕਾਰ ਜੋ ਨਵੇਂ ਬਾਂਡ ਜਾਰੀ ਕਰੇਗੀ ਉਸ 'ਤੇ ਉਹ 8 ਫੀਸਦੀ ਵਿਆਜ਼ ਦੇਵੇਗੀ ਅਤੇ ਸੰਕਟ ਦੇ ਆਰਜੀ ਤੌਰ 'ਤੇ ਦੂਰ ਹੋ ਜਾਣ ਦੇ ਬਾਅਦ ਵਾਧੂ ਸਾਲਾਨਾ ਫੀਸ ਇਨ੍ਹਾਂ ਬੈਂਕਾਂ ਨੂੰ ਦੇਵੇਗੀ! ਇਸ ਤਰ੍ਹਾਂ ਵਿੱਤੀ ਸਰਮਾਏ ਨੇ ਇੱਕ ਅਜਿਹਾ "ਹੱਲ" ਕੱਢਿਆ ਹੈ ਜਿਸ ਨਾਲ਼ ਉਸ ਦਾ ਨਫ਼ਾ ਹੋਰ ਵੀ ਜ਼ਿਆਦਾ ਵਧੇ। ਉੱਚੀਆਂ ਵਿਆਜ਼ ਦਰਾਂ 'ਤੇ ਚੁਕਾਉਣ ਲਈ ਯੂਨਾਨੀ ਲੋਕਾਂ ਨੂੰ ਚੰਗੀ ਤਰ੍ਹਾਂ ਨਿਚੋੜਨ ਲਈ ਵਿੱਤੀ ਸਰਮਾਏ ਨੇ ਸੰਕਟ ਤੋਂ ਉੱਭਰਨ ਦੇ ਨਾਂ 'ਤੇ ਨਵਾਂ ਰਾਹ ਲੱਭਿਆ ਹੈ। **ਜਿੱਥੋਂ ਤੱਕ ਸੰਕਟ ਦੇ ਹੱਲ ਦੀ ਗੱਲ ਹੈ, ਤਾਂ ਹਰ ਕੋਈ ਜਾਣਦਾ ਹੈ ਕਿ ਇਸ ਨਾਲ਼ ਸੰਕਟ ਦੂਰ ਨਹੀਂ ਹੋਵੇਗਾ, ਸਗੋਂ ਹੋਰ ਜ਼ਿਆਦਾ ਵਧੇਗਾ ਅਤੇ ਇਸ ਵਾਰ ਸਿਆਸੀ ਤੌਰ 'ਤੇ ਜ਼ਿਆਦਾ ਖ਼ਤਰਨਾਕ ਹੋਵੇਗਾ। ਜੇਕਰ ਇਹ ਚੱਕਰਵਿਊ ਸਫ਼ਲ ਹੁੰਦਾ ਹੈ, ਜਿਸ ਦੀ ਸੰਭਾਵਨਾ ਜ਼ਿਆਦਾ ਹੈ, ਤਾਂ ਯੂਨਾਨੀ ਲੋਕਾਂ ਦੀ ਔਸਤ ਆਮਦਨ ਵਿੱਚ 14 ਤੋਂ 20 ਫੀਸਦੀ ਤੱਕ ਦੀ ਕਮੀ ਆਵੇਗੀ।**

ਇਸ ਪੂਰੇ ਸੰਕਟ ਦਾ ਫੌਰੀ ਕਾਰਨ, ਜਿਹਾ ਕਿ ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ, ਯੂਰਪ ਦੇ ਕਮਜ਼ੋਰ ਕੌਮੀ ਅਰਥਚਾਰਿਆਂ 'ਤੇ ਸੰਕਟ ਦੇ ਦੌਰ ਵਿੱਚ ਬੇਲਆਊਟ ਪੈਕੇਜ ਦੇ ਕੇ ਵਿੱਤੀ ਨਿੱਜੀ ਪੂੰਜੀ ਦੀ ਰੱਖਿਆ ਕਰਨ ਕਾਰਨ ਭਾਰੀ ਕਰਜ਼ ਚੜ੍ਹਨਾ ਹੈ। ਇਨ੍ਹਾਂ ਅਰਥਚਾਰਿਆਂ 'ਚ ਯੂਨਾਨ ਇੱਕ ਤਰ੍ਹਾਂ ਨਾਲ਼ ਕਮਜ਼ੋਰ ਕੜੀ ਸੀ। ਪਰ ਯੂਨਾਨ ਦਾ ਅਰਥਚਾਰਾ ਡੋਲਣ ਨਾਲ਼ ਹੀ ਪੂਰੀ ਲੜੀ ਵਿੱਚ ਹੀ ਉੱਥਲ-ਪੁਥਲ ਮਚ ਗਈ ਹੈ। ਇਟਲੀ ਵਿੱਚ ਆਰਥਿਕ ਸੰਕਟ ਕਾਰਨ ਬੁਰਲੁਸਕੁਨੀ ਦੀ ਸਰਕਾਰ ਡਿੱਗ ਚੁੱਕੀ ਹੈ ਅਤੇ ਸਪੇਨ ਵਿੱਚ ਵੀ ਹਾਲਤ ਕੁਝ ਅਜਿਹੇ ਹੀ ਬਣਦੇ ਨਜ਼ਰ ਆਉਂਦੇ ਹਨ। ਜੇਕਰ ਕੁਝ ਯੂਰਪੀ ਦੇਸ਼ਾਂ 'ਤੇ ਕਰਜ਼ੇ ਦੇ ਅੰਕੜੇ ਦੇਖੀਏ ਤਾਂ ਅਸੀਂ ਹਾਸਲ ਕਰਦੇ ਹਾਂ ਕਿ **ਫਿਨਲੈਂਡ 'ਤੇ ਕਰਜ਼ ਉਸ ਦੇ ਕੌਮੀ ਕੁੱਲ ਘਰੇਲੂ ਪੈਦਾਵਾਰ ਦਾ 50 ਫੀਸਦੀ ਹੈ, ਜਰਮਨੀ ਦੇ ਕੁੱਲ ਘਰੇਲੂ ਪੈਦਾਵਾਰ ਦਾ 83 ਫੀਸਦੀ, ਫ਼ਰਾਂਸ ਦੇ ਕੁੱਲ ਘਰੇਲੂ ਪੈਦਾਵਾਰ ਦਾ 87 ਫੀਸਦੀ, ਪੁਰਤਗਾਲ ਦੇ ਕੁੱਲ ਘਰੇਲੂ ਪੈਦਾਵਾਰ ਦਾ 106 ਫੀਸਦੀ, ਆਇਰਲੈਂਡ ਦੇ ਕੁੱਲ ਘਰੇਲੂ ਪੈਦਾਵਾਰ ਦਾ 121 ਫੀਸਦੀ, ਯੂਨਾਨ ਦੇ ਕੁੱਲ ਘਰੇਲੂ ਪੈਦਾਵਾਰ ਦਾ 166 ਫੀਸਦੀ ਅਤੇ ਸਪੇਨ ਦੇ ਕੁੱਲ ਘਰੇਲੂ ਪੈਦਾਵਾਰ ਦਾ 67 ਫੀਸਦੀ ਹੈ।** ਯੂਨਾਨ ਵਿੱਚ ਸੰਕਟ ਦੇ ਚਰਮ 'ਤੇ ਪਹੁੰਚਣ ਤੋਂ ਬਾਅਦ ਹੁਣ ਲੋਕਾਂ ਦੀ ਨਜ਼ਰ ਇਨ੍ਹਾਂ ਹੋਰ ਦੇਸ਼ਾਂ 'ਤੇ ਵੀ ਹੈ। ਜਰਮਨੀ ਅਤੇ ਫ਼ਰਾਂਸ ਦੇ ਸਾਹਮਣੇ ਜ਼ਿਆਦਾ ਕਰਜ਼ ਦੇ ਬਾਵਜੂਦ ਸੰਕਟ ਓਨਾ ਗੰਭੀਰ ਨਹੀਂ ਹੈ ਕਿਉਂਕਿ ਉਹਨਾਂ ਦੀਆਂ ਸਰਕਾਰਾਂ ਦੀ ਆਰਥਿਕ ਹਾਲਤ ਮਜ਼ਬੂਤ ਹੋਣ ਕਾਰਨ ਵਿੱਤੀ ਬਾਜ਼ਾਰ ਵਿੱਚ ਉਨ੍ਹਾਂ ਦੀ ਲੋੜੀਂਦੀ ਭਰੋਸੇਯੋਗਤਾ ਹੈ। ਪਰ ਇਟਲੀ ਅਤੇ ਸਪੇਨ ਦੇ ਲਈ ਸੰਕਟ ਹਕੀਕੀ ਅਤੇ ਗੰਭੀਰ ਹੈ। ਵਿਸ਼ੇਸ਼ ਤੌਰ 'ਤੇ, ਇਟਲੀ ਦੀ ਹਾਲਤ ਕਾਫੀ ਪਤਲੀ ਹੈ। ਇਟਲੀ 'ਤੇ ਕਰਜ਼ਾ ਉਸਦੀ ਕੁੱਲ ਘਰੇਲੂ ਪੈਦਾਵਾਰ ਦਾ 121 ਫੀਸਦੀ ਹੈ ਅਤੇ ਉਸ ਨੂੰ ਆਪਣੀ ਦੇਣਦਾਰੀਆਂ ਨਾਲ਼ ਨਿਬੜਨ ਲਈ 650 ਅਰਬ ਯੂਰੋ ਦੀ ਲੋੜ ਹੈ। ਪਰ ਕਰਜ਼ਾ ਦੇਣ ਵਾਲ਼ਿਆਂ


ਵਿੱਤੀ ਏਜੰਸੀਆਂ ਅਤੇ ਬੈਂਕ ਉਸ ਨੂੰ ਵੀ ਕਰਜ਼ਾ ਦੇਣ ਲਈ ਤਿਆਰ ਨਹੀਂ ਹਨ, ਜਦੋਂ ਕਿ ਇਟਲੀ ਦੀ ਸਰਕਾਰ ਨੇ ਬਰਲੁਸਕੁਨੀ ਦੇ ਸਮੇਂ ਵਿੱਚ ਅਤੇ ਨਵੀਂ ਸਰਕਾਰ ਬਣਨ ਤੋਂ ਬਾਅਦ ਵੀ, ਖੁਦ ਹੀ ਪਬਲਿਕ ਸੈਕਟਰ ਦੇ ਖਰਚਿਆਂ ਵਿੱਚ ਭਾਰੀ ਕਟੌਤੀ ਦਾ ਐਲਾਨ ਕਰ ਦਿੱਤਾ ਸੀ। ਅਜਿਹੀ ਹਾਲਤ ਵਿੱਚ ਇਟਲੀ ਦਾ ਅਰਥਚਾਰਾ ਦਿਵਾਲੀਆ ਹੋ ਸਕਦਾ ਹੈ ਅਤੇ ਉਹ ਯੂਰੋਜ਼ੋਨ ਦੇ ਲਈ ਭਿਅੰਕਰ ਹੋਵੇਗਾ ਕਿਉਂਕਿ ਇਟਲੀ ਦਾ ਅਰਥਚਾਰਾ ਇੱਕ ਵੱਡਾ ਅਰਥਚਾਰਾ ਹੈ ਅਤੇ ਯੂਰੋਜ਼ੋਨ ਦੇ ਕੁੱਲ ਘਰੇਲੂ ਪੈਦਾਵਾਰ ਵਿੱਚ ਉਸ ਦਾ ਹਿੱਸਾ ਕਰੀਬ 17 ਫੀਸਦੀ ਹੈ।

ਨਤੀਜੇ ਦੀ ਥਾਂ ’ਤੇ...

ਯੂਰੋਜ਼ੋਨ ਦਾ ਸੰਕਟ ਅੱਗੇ ਕੀ ਮੋੜ ਲੈਂਦਾ ਹੈ, ਇਸ ਬਾਰੇ ਕੁਝ ਵੀ ਠੀਕ-ਠੀਕ ਕਹਿ ਸਕਣਾ ਔਖਾ ਹੈ। ਪਰ ਇੱਕ ਗੱਲ ਸਾਫ਼ ਹੈ ਕਿ ਪੂਰੀ ਸਰਮਾਏਦਾਰਾ ਦੁਨੀਆਂ ਜਿਸ ਭਿਅੰਕਰ ਆਰਥਿਕ ਸੰਕਟ ਦੇ ਜਾਲ਼ ਵਿੱਚ ਫਸ ਗਈ ਹੈ, ਇਹ ਉਸੇ ਦਾ ਨਵਾਂ **ਇਜ਼ਹਾਰ** ਹੈ। **ਇਹ ਸੰਕਟ ਸਰਮਾਏਦਾਰੀ ਦਾ ਜਾਨਲੇਵਾ ਸੰਕਟ ਹੈ। ਜਿਸ ਨੂੰ ਕਿਸੇ ਤਬਦੀਲੀ ਪਸੰਦ ਤਾਕਤ ਦੀ ਗੈਰਹਾਜ਼ਰੀ ਵਿੱਚ ਸਰਮਾਏਦਾਰੀ ਟਾਲ਼ਦੀ ਰਹਿ ਸਕਦੀ ਹੈ। ਪਰ ਇਹ ਉਸ ਤੋਂ ਮੁਕਤੀ ਨਹੀਂ ਪਾ ਸਕਦੀ। ਜਿੰਨੇ ਮਰਜੀ ਸੁਧਾਰਵਾਦੀਆਂ, ਸੋਧਵਾਦੀਆਂ ਅਤੇ ਸਮਾਜਿਕ ਜਮਹੂਰੀਅਤਪਸੰਦਾਂ ਦੇ ਕੀਂਸਆਈ ਨੁਸ਼ਖਿਆਂ ਅਤੇ ਘੱਟ-ਖਪਤਵਾਦੀ ਹਾਬਸਨਵਾਦੀ ਤਰਕਾਂ ਨਾਲ਼ ਵੀ ਇਸ ਦਾ ਕੋਈ ਭਲਾ ਨਹੀਂ ਹੋਣ ਵਾਲ਼ਾ ਹੈ।** ਸਰਮਾਏਦਾਰੀ ਢਾਂਚਾ ਅਤੇ ਉਸਦੇ ਨੀਤੀਵਾਨ ਕਦੀ ਲੰਬੀ ਦੂਰੀ ਤੱਕ ਨਹੀਂ ਸੋਚ ਸਕਦੇ। ਆਪਸੀ ਭਰਾਮਾਰ ਮੁਕਾਬਲੇ ਦੀ ਜੋ ਖੇਡ ਉਹ ਸ਼ੁਰੂ ਕਰਦੇ ਹਨ, ਉਸ ਵਿੱਚ ਜੰਗਲ ਦੇ ਨੇਮ ਕੰਮ ਕਰਦੇ ਹਨ। ਕੋਈ ਵੀ ਦੇਸ਼ ਪਬਲਿਕ ਸੈਕਟਰ ਦੇ ਖਰਚਿਆਂ ਨੂੰ ਵਧਾ ਕੇ ਅਤੇ ਕਲਿਆਣਕਾਰੀ ਨੀਤੀਆਂ ਨੂੰ ਲੰਬੇ ਸਮੇਂ ਤੱਕ ਅਪਣਾ ਕੇ ਸਰਮਾਏ ਦੀ ਮੁਕਾਬਲੇਬਾਜ਼ੀ ਨੂੰ ਖ਼ਤਮ ਨਹੀਂ ਕਰ ਸਕਦਾ। ਸਰਮਾਏ ਦੇ ਲਗਾਤਾਰ ਫੈਲਦੇ ਜਾਣ ਦਾ ਨੇਮ ਕਿਸੇ ਵੀ ਕਿਸਮ ਦੇ ਲੰਬੇ ਸਮੇਂ ਦੇ ਵਿਨਿਯਮਨ ਦਾ ਨਿਖੇਧ ਕਰਦੇ ਹਨ। ਇਸ ਲਈ ਸੰਕਟ ਦੇ ਜਾਨਲੇਵਾ ਹੋ ਜਾਣ ’ਤੇ ਕੁਝ ਸਮੇਂ ਲਈ ਕੁਝ ਆਰਜ਼ੀ ਕਦਮ ਚੁੱਕੇ ਜਾ ਸਕਦੇ ਹਨ ਪਰ ਵਿਵਿਸਥਤ ਅਤੇ ਢਾਂਚਾਗਤ ਤੌਰ ’ਤੇ ਕਲਿਆਣਕਾਰੀ ਨੀਤੀਆਂ ਦਾ ਖ਼ਰਚ ਚੁੱਕ ਸਕਣ ਦਾ ਦੌਰ ਹੁਣ ਬੀਤ ਚੁੱਕਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਸਰਮਾਇਆ ਗਲੀ ਦੀ ਉਸ ਹੱਦ ਤੱਕ ਪਹੁੰਚ ਚੁੱਕਾ ਹੈ, ਜਿੱਥੇ ਰਾਹ ਬੰਦ ਹੈ। ਇਸ ਦੇ ਅੱਗੇ ਦਾ ਰਾਹ ਸਰਮਾਏਦਾਰੀ ਦਾਇਰੇ ਅੰਦਰ ਸੰਭਵ ਨਹੀਂ ਹੈ।

ਯੂਰੋਜ਼ੋਨ ਦੇ ਸੰਕਟ ਦੇ ਦਿਖਾ ਦਿੱਤਾ ਹੈ ਕਿ ਇਹ ਆਰਥਿਕ ਸੰਕਟ ਨੇੜ ਭਵਿੱਖ ਵਿੱਚ ਦੂਰ ਹੋਣ ਵਾਲ਼ਾ ਨਹੀਂ ਹੈ। ਇਸ ਸੰਕਟ ਤੋਂ ਫੌਰੀ ਤੌਰ ’ਤੇ ਨਿਜਾਤ ਪਾਉਣ ਲਈ ਪੈਦਾਵਾਰੀ ਸ਼ਕਤੀਆਂ ਦੀ ਤਬਾਹੀ ਕਰਨਾ ਸਰਮਾਏਦਾਰੀ ਦੇ ਚੌਧਰੀਆਂ ਲਈ ਤੇਜ਼ ਗਤੀ ਨਾਲ਼ ਮਜ਼ਬੂਰੀ ਵਿੱਚ ਤਬਦੀਲ ਹੁੰਦਾ ਜਾ ਰਿਹਾ ਹੈ। ਆਉਣ ਵਾਲ਼ੇ ਸਮੇਂ ਵਿੱਚ ਜੇਕਰ ਦੁਨੀਆਂ ਦੇ ਕਿਸੇ ਕੋਨੇ ਵਿੱਚ ਜੰਗ ਦੀ ਸ਼ੁਰੂਆਤ ਹੁੰਦੀ ਹੈ ਤਾਂ ਇਹ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਹੋਵੇਗੀ। ਸਾਮਰਾਜਵਾਦ ਦਾ ਅਰਥ ਹੈ ਜੰਗ। ਆਪਣੇ ਜਿਉਂਦੇ ਰਹਿਣ ਲਈ ਉਸ ਨੂੰ ਮਾਨਵਤਾ ਨੂੰ ਜੰਗਾਂ ਵਿੱਚ ਝੋਕਣਾ ਪਿਆ ਤਾਂ ਉਹ ਸੋਚੇਗਾ ਨਹੀਂ। ਇਰਾਕ ਜੰਗ, ਅਫ਼ਗਾਨਿਸਤਾਨ ਜੰਗ, ਅਰਬ ਵਿੱਚ ਚਲ ਰਿਹਾ ਮੌਜੂਦਾ ਸਾਮਰਾਜਵਾਦੀ ਦਖਲ ਇਸੇ ਸੱਚਾਈ ਦੀ ਗਵਾਹੀ ਭਰਦੇ ਹਨ। ਯੂਰੋਜ਼ੋਨ ਦਾ ਸੰਕਟ ਪੂਰੀ ਸਾਮਰਾਜਵਾਦੀ ਦੁਨੀਆਂ ਦੇ ਸਮੀਕਰਨਾਂ ਵਿੱਚ ਬਦਲਾਅ ਲਿਆ ਰਿਹਾ ਹੈ। ਚੀਨ ਦਾ ਇੱਕ ਵੱਡੀ ਸਾਮਰਾਜਵਾਦੀ ਤਾਕਤ ਦੇ ਤੌਰ ’ਤੇ ਉਭਰਨਾ, ਨਵੇਂ ਉੱਭਰਦੇ ਅਰਥਚਾਰਿਆਂ ਦੀ ਤਾਕਤ ਦਾ ਵਧਣਾ, ਰੂਸ ਦਾ ਮੁੜ ਉੱਠਣਾ, ਇਹ ਸਾਰੇ ਕਾਰਕ ਇਸ ਦੇ ਲਈ ਜ਼ਿੰਮੇਵਾਰ ਹਨ ਅਤੇ ਇਹ ਵੀ ਨਵੇਂ ਅਤੇ ਵੱਡੇ ਪੱਧਰ ’ਤੇ ਸਾਮਰਾਜਵਾਦੀ ਮੁਕਾਬਲੇ ਦੇ ਸ਼ੁਰੂ ਹੋਣ ਦੀ ਸੰਭਾਵਨਾ ਪੈਦਾ ਕਰ ਰਹੇ ਹਨ।

ਇਸ ਕੁਚੱਕਰ ਤੋਂ ਅਜ਼ਾਦੀ ਦਾ ਰਾਹ ਸਿਰਫ਼ ਤੇ ਸਿਰਫ਼ ਇੱਕ ਹੈ – ਇਸ ਪੂਰੇ ਮਨੁੱਖਦੋਖੀ ਢਾਂਚੇ ਵਿਰੁੱਧ ਕਿਰਤੀ ਲੋਕਾਂ ਦਾ ਇਨਕਲਾਬ। ਇਹੀ ਅੱਜ ਚਿੰਤਾ ਪੈਦਾ ਕਰਨ ਵਾਲ਼ਾ ਕਾਰਕ ਹੈ। ਸਾਮਰਾਜਵਾਦ ਦੇ ਸੰਤ੍ਰਿਪਤ ਬਿੰਦੂ ’ਤੇ ਪਹੁੰਚਣ ਦੇ ਨਾਲ਼ ਦੁਨੀਆਂ ਦੇ ਵੱਖ ਵੱਖ ਕੋਨਿਆਂ ਵਿੱਚ ਲੋਕ ਆਪ ਮੁਹਾਰੇ ਰੂਪ ਨਾਲ਼ ਸੜਕਾਂ ’ਤੇ ਉੱਤਰ ਰਹੇ ਹਨ ਅਤੇ ਮੁਨਾਫੇਖੋਰ ਢਾਂਚੇ ਦੀ ਮੁਖਾਲਫ਼ਤ ਕਰ ਰਹੇ ਹਨ। ਪਰ ਇਨਕਲਾਬੀ ਅਗਵਾਈ ਜਾਂ ਤਾਂ ਬੇਹੱਦ ਕਮਜ਼ੋਰ ਹੈ ਜਾਂ ਫਿਰ ਗੈਰਹਾਜ਼ਰ ਹੈ। ਅਜਿਹੀ ਹਾਲਤ ਵਿੱਚ, ਲੋਕਾਂ ਦੇ ਆਪ ਮੁਹਾਰੇ ਉਭਾਰ ਜਵਾਰ ਅਤੇ ਭਾਟੇ ਵਾਂਗ ਉੱਠਦੇ ਅਤੇ ਸ਼ਾਂਤ ਹੁੰਦੇ ਰਹਿਣਗੇ। ਸਰਮਾਏਦਾਰੀ ਜੰਗਾਂ ਨੂੰ ਪੈਦਾ ਕਰ-ਕਰਕੇ, ਪੈਦਾਵਾਰੀ ਤਾਕਤਾਂ ਨੂੰ ਤਬਾਹ ਕਰ-ਕਰਕੇ ਆਪਣੀ ਜੜ੍ਹਤਾ ਦੀ ਤਾਕਤ ਨਾਲ਼ ਟਿੱਕੀ ਰਹੇਗੀ। **ਪਰ ਅਸੀਂ ਉਮੀਦ ਕਰ ਸਕਦੇ ਹਾਂ ਕਿ ਅਜਿਹਾ ਅੰਨਤ ਕਾਲ ਤੱਕ ਨਹੀਂ ਚਲੇਗਾ। ਆਪਣੀਆਂ ਵਿਚਾਰਧਾਰਕ ਅਤੇ ਸਿਆਸੀ ਕਮੀਆਂ ’ਤੇ ਇਨਕਲਾਬੀ ਸਾਰੀ ਦੁਨੀਆਂ ’ਚ ਸੋਚ ਰਹੇ ਹਨ ਅਤੇ ਉਹਨਾਂ ਨੂੰ ਦੂਰ ਕਰਨ ਦਾ ਯਤਨ ਕਰ ਰਹੇ ਹਨ। ਆਉਣ ਵਾਲ਼ੇ ਸਮੇਂ ਵਿੱਚ ਸਰਮਾਏਦਾਰੀ ਦੇ ਵਧਦੇ ਸੰਕਟ ਦੇ ਨਾਲ਼ ਇਹ ਪ੍ਰਕਿਰਿਆ ਵੀ ਤੇਜ਼ੀ ਨਾਲ਼ ਮੁਕਾਮ ਤੱਕ ਪਹੁੰਚੇਗੀ। ਰੋਜ਼ਾ ਲਗਜ਼ਮਬਰਗ ਨੇ ਕਿਹਾ ਸੀ ਕਿ ਮਾਨਵਤਾ ਦੇ ਸਾਹਮਣੇ ਦੋ ਹੀ ਰਾਹ ਹਨ — ਸਮਾਜਵਾਦ ਜਾਂ ਬਰਬਰਤਾ। ਅੱਜ ਕਿਹਾ ਜਾ ਸਕਦਾ ਹੈ ਕਿ ਮਾਨਵਤਾ ਦੇ ਸਾਹਮਣੇ ਦੋ ਹੀ ਰਾਹ ਹਨ — ਸਮਾਜਵਾਦ ਜਾਂ ਵਿਨਾਸ਼! ਅਤੇ ਸਾਨੂੰ ਮਾਨਵਤਾ ਦੀ ਰਚਨਾਤਮਕਤਾ ਅਤੇ ਸਿਆਣਪ ’ਤੇ ਪੂਰਾ ਭਰੋਸਾ ਹੈ। ਅਸੀਂ ਨਿਸ਼ਚਿਤ ਹੀ ਵਿਨਾਸ਼ ਦੇ ਰਾਹ ਨੂੰ ਨਹੀਂ ਚੁਣਾਂਗੇ!** ●



ਸਮਾਜਕ ਮਸਲੇ

ਹਕੂਮਤੀ ਬਰਬਰਤਾ ਦੀ ਤਸਵੀਰ ਪੇਸ਼ ਕਰਦੀਆਂ –

ਹਿਰਾਸਤ ਦੌਰਾਨ ਮੌਤਾਂ

• ਡਾ. ਅੰਮ੍ਰਿਤ

ਕੁਝ ਦਿਨ ਪਹਿਲਾਂ ਲੁਧਿਆਣੇ ਦੇ ਇੱਕ ਕਾਰਖਾਨੇ 'ਚ ਚੋਰੀ ਹੋਈ ਤੇ ਮਾਲਕ ਨੇ ਇਸਦੀ ਰਿਪੋਰਟ ਲਾਗਲੇ ਥਾਣੇ 'ਚ ਦਰਜ ਕਰਵਾਈ। ਪੁਲਿਸ "ਜਾਂਚ-ਪੜਤਾਲ" ਲਈ ਉਸੇ ਕਾਰਖਾਨੇ ਦੇ ਤਿੰਨ ਮਜਦੂਰਾਂ ਨੂੰ ਥਾਣੇ ਲੈ ਗਈ। ਮਾਮਲੇ ਦੀ ਜਾਂਚ-ਪੜਤਾਲ ਕਰਨ ਦੀ ਥਾਂ ਤਿੰਨੇ ਮਜਦੂਰਾਂ ਨੂੰ ਕੁੱਟਿਆ ਗਿਆ ਜਿਸ ਕਾਰਨ ਇੱਕ ਮਜਦੂਰ ਨੂੰ ਗਿੱਟੇ ਦੀ ਹੱਡੀ ਟੁੱਟਣ ਤੇ ਪੈਰਾਂ 'ਤੇ ਸੋਜਸ ਆਉਣ ਕਾਰਨ ਹਸਪਤਾਲ 'ਚ ਦਾਖਲ ਕਰਵਾਉਣਾ ਪਿਆ। ਜਦੋਂ ਨਾਲ ਕੰਮ ਕਰਦੇ ਮਜ਼ਦੂਰਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਚਾਰ ਫੈਕਟਰੀਆਂ 'ਚ ਕੰਮ ਠੱਪ ਕਰ ਦਿੱਤਾ। ਸਿੱਟੇ ਵਜੋਂ ਮਜ਼ਦੂਰਾਂ ਦੀ ਰਿਹਾਈ ਹੋਈ ਅਤੇ ਮਾਲਕ ਨੂੰ ਜ਼ਖਮੀ ਮਜਦੂਰ ਦੇ ਇਲਾਜ ਦਾ ਖਰਚਾ ਤੇ ਟੁੱਟੀਆਂ ਦਿਹਾੜੀਆਂ ਦਾ ਪੈਸਾ ਦੇਣ ਬਾਬਤ ਸਮਝੌਤਾ ਕਰਨਾ ਪਿਆ। ਬਾਅਦ ਵਿੱਚ ਮਜ਼ਦੂਰਾਂ ਅਨੁਸਾਰ ਇਹ ਸਾਹਮਣੇ ਆਇਆ ਕਿ ਮਾਲਕ ਨੇ ਆਪਣੇ ਕਿਸੇ ਝਗੜੇ ਕਾਰਨ ਇਹ ਸਾਰਾ ਕੁਝ ਕੀਤਾ ਸੀ ਅਤੇ ਮਾਲਕ ਨੇ ਰਿਪੋਰਟ ਵਾਪਸ ਲੈ ਲਈ। ਇਹ ਮਾਮਲਾ ਪੂਰੇ ਭਾਰਤ 'ਚ ਪੁਲਿਸ ਦੇ ਕੰਮ ਕਰਨ ਦੇ ਤਰੀਕੇ ਅਤੇ ਭਾਰਤੀ ਤੰਤਰ 'ਚ ਆਮ ਆਦਮੀ ਉੱਪਰ ਹੁੰਦੇ ਸਰੀਰਕ ਤੇ ਮਾਨਸਿਕ ਜ਼ਬਰ ਦੀ ਤਸਵੀਰ ਪੇਸ਼ ਕਰਦਾ ਹੈ। ਦੇਸ਼ ਵਿੱਚ ਰੋਜ ਪਤਾ ਨਹੀਂ ਅਜਿਹੀਆਂ ਕਿੰਨੀਆਂ ਘਟਨਾਵਾਂ ਹੁੰਦੀਆਂ ਹਨ। ਮਨੁੱਖੀ ਹੱਕਾਂ ਦੇ ਏਸ਼ਿਆਈ ਸੈਂਟਰ (ਏਸ਼ੀਅਨ ਸੈਂਟਰ ਫਾਰ ਹਿਊਮਨ ਰਾਈਟਸ) ਦੁਆਰਾ ਜਾਰੀ ਕੀਤੀ ਗਈ ਰਿਪੋਰਟ 'ਟਾਰਚਰ ਇਨ ਇੰਡੀਆ - 2011' ਨੇ ਇੱਕ ਵਾਰ ਫੇਰ ਭਾਰਤ ਵਿੱਚ ਹਿਰਾਸਤ ਦੌਰਾਨ ਢਾਹੇ ਜਾਂਦੇ ਅਣਮਨੁੱਖੀ ਜ਼ੁਲਮਾਂ ਨੂੰ ਬੇਪਰਦ ਕੀਤਾ ਹੈ। ਭਾਵੇਂ ਖੁਦ ਰਿਪੋਰਟ ਅਨੁਸਾਰ ਹੀ ਜਾਰੀ ਕੀਤੇ ਗਏ ਅੰਕੜੇ ਪੂਰੀ ਤਸਵੀਰ ਦਾ ਇੱਕ ਬਹੁਤ ਛੋਟਾ ਹਿੱਸਾ ਹਨ ਅਤੇ ਇਸ ਵਿੱਚ ਫੌਜ ਅਧੀਨ ਇਲਾਕਿਆਂ 'ਚ ਹੁੰਦੇ ਇਹਨਾਂ ਕਾਰਿਆਂ ਦੀ ਗਿਣਤੀ ਸ਼ਾਮਿਲ ਨਹੀਂ ਹੈ ਕਿਉਂਕਿ ਇਹਨਾਂ ਇਲਾਕਿਆਂ 'ਚ ਹਿਰਾਸਤੀ ਮੌਤਾਂ ਦੀ ਪੜਤਾਲ ਕਰਨ ਦਾ ਅਧਿਕਾਰ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਨਹੀਂ ਹੈ, ਇਸ ਦੇ ਬਾਵਜੂਦ ਇਹ ਰਿਪੋਰਟ ਇੱਕ ਮਨੁੱਖੀ ਭਾਵਨਾਵਾਂ ਵਾਲ਼ੇ ਸ਼ਹਿਰੀ ਦੇ ਰੌਂਗਟੇ ਖੜੇ ਕਰਨ ਲਈ ਕਾਫ਼ੀ ਹੈ।

ਇਸ ਰਿਪੋਰਟ ਅਨੁਸਾਰ 2001-2010 ਦੇ ਅਰਸੇ ਦੌਰਾਨ ਭਾਰਤ ਵਿੱਚ ਹਿਰਾਸਤ ਅਧੀਨ 14,231 ਮੌਤਾਂ ਹੋਈਆਂ ਭਾਵ ਕਿ ਪ੍ਰਤੀ ਦਿਨ ਚਾਰ ਤੋਂ ਵੀ ਵੱਧ ਮੌਤਾਂ। ਇਹਨਾਂ ਮੌਤਾਂ ਦੀ ਗਿਣਤੀ ਨਕਸਲੀ ਗਤੀਵਿਧੀਆਂ ਜਾਂ ਅੱਤਵਾਦੀ ਹਮਲਿਆਂ 'ਚ ਹੋਈਆਂ ਮੌਤਾਂ ਨਾਲ਼ੋਂ ਵੀ ਜ਼ਿਆਦਾ ਹੈ। ਇਸ ਵਿੱਚੋਂ 1504 ਪੁਲਿਸ ਹਿਰਾਸਤ ਵਿੱਚ ਹੋਈਆਂ ਅਤੇ 12,727 ਮੌਤਾਂ ਜੁਡੀਸ਼ਲ ਹਿਰਾਸਤ ਦੌਰਾਨ ਹੋਈਆਂ। ਪੁਲਿਸ ਹਿਰਾਸਤ ਵਿੱਚ ਹੋਣ ਵਾਲ਼ੀਆਂ ਮੌਤਾਂ 'ਚੋਂ 99.99% ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਦੇ 48 ਘੰਟਿਆਂ ਦੇ ਅੰਦਰ-ਅੰਦਰ ਹੋਈਆਂ ਹਨ। ਇਹ ਗਿਣਤੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਦਰਜ ਕੇਸਾਂ ਦੇ ਅਧਾਰ 'ਤੇ ਦਿੱਤੀ ਗਈ ਹੈ, ਇਸ ਲਈ ਅਸਲ ਗਿਣਤੀ ਕਿਤੇ ਵੱਧ ਹੋ ਸਕਦੀ ਹੈ ਕਿਉਂਕਿ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਬਹੁਤ ਥੋੜਾ ਹਿੱਸਾ ਪਹੁੰਚਦਾ ਹੈ ਅਤੇ ਅਜਿਹੇ ਕੇਸ ਜਿਹਨਾਂ 'ਚ ਤਸ਼ੱਦਦ ਦੌਰਾਨ ਮੌਤ ਨਹੀਂ ਹੁੰਦੀ, ਉਹ ਤਾਂ ਲਗਭਗ ਪੂਰੀ ਤਰ੍ਹਾਂ ਮਨੁੱਖੀ ਅਧਿਕਾਰ ਕਮਿਸ਼ਨ ਦੇ ਘੇਰੇ ਤੋਂ ਬਾਹਰ ਹੀ ਰਹਿੰਦੇ ਹਨ ਜਿਹਨਾਂ ਦੀ ਗਿਣਤੀ ਹੋਰ ਵੀ ਵੱਡੀ ਹੈ। ਫਿਰ ਵੀ ਪਿਛਲੇ ਤਿੰਨ ਸਾਲਾਂ ਦੌਰਾਨ ਮਨੁੱਖੀ ਅਧਿਕਾਰ ਕਮਿਸ਼ਨ ਨੇ 2,044 ਅਜਿਹੇ ਮਾਮਲਿਆਂ ਬਾਰੇ ਵੀ ਅੰਕੜੇ ਇਕੱਠੇ ਕੀਤੇ ਹਨ ਜਿਹਨਾਂ ਵਿੱਚੋਂ 574 ਮਾਮਲੇ 2008-09 'ਚ, 615 ਮਾਮਲੇ 2009-10 'ਚ, 855 ਮਾਮਲੇ 2010-11 'ਚ ਸਾਹਮਣੇ ਆਏ। ਇਸ ਤਰ੍ਹਾਂ ਇਹ ਗਿਣਤੀ ਹਰ ਸਾਲ ਲਗਾਤਾਰ ਵਧਦੀ ਜਾ ਰਹੀ ਹੈ। ਮੌਤ ਨਾ ਹੋਣ ਵਾਲ਼ੇ ਮਾਮਲਿਆਂ 'ਚ ਅਕਸਰ ਤਸ਼ੱਦਦ ਦੇ ਸ਼ਿਕਾਰ ਵਿਅਕਤੀ ਲੰਮੇ ਸਮੇਂ ਲਈ ਜਾਂ ਕਈ ਵਾਰ ਉਮਰ ਭਰ ਲਈ ਸਰੀਰਕ ਤੌਰ 'ਤੇ ਨਕਾਰਾ ਹੋ ਜਾਂਦੇ ਹਨ ਜਾਂ ਫਿਰ ਮਾਨਸਿਕ ਤੌਰ 'ਤੇ ਤਵਾਜ਼ਨ ਖੋ ਬੈਠਦੇ ਹਨ ਜਿਸ ਕਾਰਨ ਉਹ ਆਮ ਵਰਗੀ ਜ਼ਿੰਦਗੀ ਜਿਉਣ ਦੇ ਕਾਬਲ ਨਹੀਂ ਰਹਿੰਦੇ।

ਜੇਕਰ ਇਸ ਅੰਕੜੇ ਨੂੰ ਸੂਬਿਆਂ ਅਨੁਸਾਰ ਵੰਡਿਆ ਜਾਵੇ ਤਾਂ ਪੁਲਿਸ ਹਿਰਾਸਤ ਦੌਰਾਨ ਹੋਣ ਵਾਲ਼ੀਆਂ ਮੌਤਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਮਹਾਂਰਾਸ਼ਟਰ ਵਿੱਚ ਹੈ ਜਿੱਥੇ 2001-2010 ਅਰਸੇ ਦੌਰਾਨ 250 ਵਿਅਕਤੀ ਪੁਲਿਸ ਹਿਰਾਸਤ 'ਚ ਮਰੇ, ਜਦਕਿ ਉੱਤਰ ਪ੍ਰਦੇਸ਼ 'ਚ ਇਹੀ ਅੰਕੜਾ 174 ਰਿਹਾ। ਜੁਡੀਸ਼ਲ ਹਿਰਾਸਤ ਵਿੱਚ ਮੌਤਾਂ ਦੀ ਗਿਣਤੀ ਪੱਖੋਂ ਉੱਤਰ ਪ੍ਰਦੇਸ਼ ਦਾ ਪਹਿਲਾ ਨੰਬਰ ਹੈ, ਉੱਥੇ ਇਸੇ ਅਰਸੇ ਦੌਰਾਨ ਜੁਡੀਸ਼ਲ ਹਿਰਾਸਤ ਵਿੱਚ ਮੌਤਾਂ ਦੀ ਗਿਣਤੀ 2171 ਰਹੀ। ਪੰਜਾਬ ਦੇ ਅੰਕੜੇ ਹੋਰ ਵੀ ਹੈਰਾਨ ਕਰਨ ਵਾਲ਼ੇ ਹਨ। ਪੰਜਾਬ ਵਿੱਚ ਇਸ ਅਰਸੇ ਦੌਰਾਨ ਪੁਲਿਸ ਹਿਰਾਸਤ ਵਿੱਚ 57 ਅਤੇ ਜੁਡੀਸ਼ਲ ਹਿਰਾਸਤ ਵਿੱਚ 739 ਮੌਤਾਂ ਹੋਈਆਂ। ਦੇਖਣ ਨੂੰ ਇਹ ਗਿਣਤੀ ਦੂਜੇ ਮੋਹਰੀ ਰਾਜਾਂ ਦੇ ਮੁਕਾਬਲੇ ਘੱਟ ਹੈ ਪਰ ਜਦੋਂ ਪੰਜਾਬ ਤੇ ਦੂਸਰੇ ਰਾਜਾਂ ਦੀ ਅਬਾਦੀ ਅਤੇ ਪੰਜਾਬ ਦੇ ਆਮ ਵਰਗੇ ਹਾਲਾਤਾਂ, ਕਿਸੇ ਬਾਹਰੀ ਤੇ ਅੰਦਰੂਨੀ ਅਮਨ-ਕਾਨੂੰਨ ਗੜਬੜੀ ਦੇ ਨਾ ਹੋਣ ਕਾਰਨ ਇਸ ਅੰਕੜੇ ਨੂੰ ਦੇਖਿਆ ਜਾਵੇ ਤਾਂ ਸਮਝ ਆਉਂਦੀ ਹੈ ਕਿ ਇੱਥੇ ਹਾਲਤ ਉੱਤਰ

ਪ੍ਰਦੇਸ਼ ਅਤੇ ਮਹਾਂਰਾਸ਼ਟਰ ਨਾਲ਼ੋਂ ਵੀ ਭੈੜੀ ਹੈ। ਪੰਜਾਬ ਦੀ ਅਬਾਦੀ ਉੱਤਰ ਪ੍ਰਦੇਸ਼ ਦੀ ਅਬਾਦੀ ਦੇ ਸੱਤਵੇਂ ਹਿੱਸੇ ਤੋਂ ਵੀ ਘੱਟ ਹੈ, ਜਦ ਕਿ ਜੁਡੀਸ਼ਲ ਹਿਰਾਸਤ ਦੌਰਾਨ ਹੋਣ ਵਾਲ਼ੀਆਂ ਮੌਤਾਂ ਦੀ ਗਿਣਤੀ ਸਿਰਫ ਤੀਜਾ ਹਿੱਸਾ ਹੈ। ਪੁਲਿਸ ਹਿਰਾਸਤ ਦੌਰਾਨ ਹੋਣ ਵਾਲ਼ੀਆਂ ਮੌਤਾਂ ਦੇ ਅਨੁਪਾਤ ’ਚ ਵੀ ਪੰਜਾਬ ਮਹਾਂਰਾਸ਼ਟਰ ਦੇ ਬਰਾਬਰ ਹੈ ਜਦਕਿ ਬਾਕੀ ਸੂਬਿਆਂ ਤੋਂ ਅੱਗੇ ਹੈ। ਇੱਥੇ ਇਹ ਵੀ ਵਰਣਨਯੋਗ ਹੈ ਕਿ ਇਸ ਬਦਤਰ ਹਾਲਤ ਦੇ ਪਹਿਲਾਂ ਹੀ ਮੌਜੂਦ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਨੇ ਸਪੈਸ਼ਲ ਫੋਰਸ ਬਣਾਉਣ ਜਿਹੇ ਕਾਲ਼ੇ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਜੋ ਫਿਲਹਾਲ ਲੋਕਾਂ ਦੇ ਵਿਰੋਧ ਕਾਰਨ ਉਸਨੂੰ ਵਾਪਸ ਲੈਣੀ ਪਈ।

ਹਿਰਾਸਤ ਦੌਰਾਨ ਔਰਤਾਂ ਦੀ ਹਾਲਤ ਤਾਂ ਹੋਰ ਵੀ ਭੈੜੀ ਹੈ। ਆਪਣੀ ਸਮਾਜਿਕ ਹੈਸੀਅਤ ਕਾਰਨ ਅਤੇ ਲਿੰਗ-ਵਿਤਕਰੇ ਕਾਰਨ ਔਰਤਾਂ ਨੂੰ ਤਾਂ ਹੋਰ ਵੀ ਬਰਬਰ ਅੱਤਿਆਚਾਰ ਦਾ ਸਾਹਮਣਾ ਕਰਨਾ ਪੈਂਦਾ ਹੈ। ਹਿਰਾਸਤ ਦੌਰਾਨ ਬਲਾਤਕਾਰ, ਛੇੜਛਾੜ, ਕੱਪੜੇ ਉਤਾਰਨੇ ਆਦਿ ਜਿਹੇ ਘਿਨਾਉਣੇ ਕੰਮ ਭਾਰਤ ’ਚ ਇੱਕ ਆਮ ਗੱਲ ਹੈ। 2001-2010 ਦੇ ਸਮੇਂ ਵਿਚਕਾਰ ਹਿਰਾਸਤ ਵਿੱਚ ਬਲਾਤਕਾਰ ਦੇ 39 ਮਾਮਲੇ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਆਏ, ਜਾਹਿਰ ਹੈ ਕਿ ਅਸਲ ਗਿਣਤੀ ਕਿਤੇ ਜ਼ਿਆਦਾ ਹੋਵੇਗੀ। ਇਸ ਅਣਮਨੁੱਖੀ ਵਹਿਸ਼ੀ ਕਰਤੂਤ ਕਰਨ ਲੱਗਿਆਂ ਉਮਰ ਦਾ ਕੋਈ ਲਿਹਾਜ ਨਹੀਂ ਕੀਤਾ ਜਾਂਦਾ, 14-14 ਸਾਲ ਦੀਆਂ ਨਾਬਾਲਗ ਲੜਕੀਆਂ ਤੱਕ ਨੂੰ ਨਹੀਂ ਬਖਸ਼ਿਆ ਜਾਂਦਾ। ਹਿਰਾਸਤ ਦੌਰਾਨ ਮੌਤਾਂ ਅਤੇ ਤਸ਼ੱਦਦ ਦਾ ਘੇਰਾ ਬੱਚਿਆਂ ਨੂੰ ਵੀ ਵਲਗਣ ’ਚ ਲੈਂਦਾ ਹੈ। ਗਿਆਰਾਂ-ਬਾਰ੍ਹਾਂ ਸਾਲਾਂ ਦੇ ਬੱਚਿਆਂ ’ਤੇ ਵੀ ਹਿਰਾਸਤੀ ਤਸ਼ੱਦਦ ਤੇ ਕਾਫੀ ਬੱਚਿਆਂ ਦੀ ਮੌਤ ਦੇ ਮਾਮਲੇ ਵੀ ਸਾਹਮਣੇ ਆਏ ਹਨ। ਮਾਰਚ, 2010 ’ਚ ਕੇਂਦਰ ਸਰਕਾਰ ਨੇ ਖੁਦ ਮੰਨਿਆ ਕਿ 2006 ਤੋਂ ਲੈ ਕੇ ਫਰਵਰੀ, 2010 ਤੱਕ ਦੇ ਸਮੇਂ ’ਚ ਵੱਖ-ਵੱਖ ਬਾਲ ਸੁਧਾਰ ਘਰਾਂ ’ਚ 592 ਬੱਚਿਆਂ ਦੀ ਮੌਤ ਹੋਈ। ਇਸ ਤੋਂ ਇਲਾਵਾ ਬਾਲ ਸੁਧਾਰ ਘਰਾਂ ’ਚ ਬੱਚਿਆਂ ਦੀ ਕੁੱਟਮਾਰ ਅਤੇ ਬੱਚਿਆਂ ਪ੍ਰਤੀ ਜਿਨਸੀ ਅਪਰਾਧਾਂ ਦੇ ਬਹੁਤ ਸਾਰੇ ਮਾਮਲੇ ਸਮੇਂ-ਸਮੇਂ ਸਾਹਮਣੇ ਆਉਂਦੇ ਰਹਿੰਦੇ ਹਨ। ਹਿਰਾਸਤ ਦੌਰਾਨ ਮੌਤਾਂ, ਬਲਾਤਕਾਰਾਂ ਅਤੇ ਬੱਚਿਆਂ ’ਤੇ ਜ਼ੁਲਮਾਂ ਦੇ ਬਹੁਤ ਸਾਰੇ ਵਿਅਕਤੀਗਤ ਕੇਸਾਂ ਦਾ ਵਿਸਥਾਰ ਏਸ਼ੀਅਨ ਸੈਂਟਰ ਦੀ ਰਿਪੋਰਟ ਵਿੱਚ ਪੜ੍ਹਿਆ ਜਾ ਸਕਦਾ ਹੈ ਜੋ ਕਿ ਇੰਟਰਨੈੱਟ ’ਤੇ ਉਪਲਬਧ ਹੈ।

ਹਿਰਾਸਤੀ ਮੌਤਾਂ ਦੇ ਕਾਰਨਾਂ ਨੂੰ ਖੁਰਦ-ਬੁਰਦ ਕਰਨ ਲਈ ਪੁਲਿਸ ਅਤੇ ਹੋਰ ਸਰਕਾਰੀ ਏਜੰਸੀਆਂ ਹਰ ਤਰ੍ਹਾਂ ਦਾ ਹੱਥਕੰਡਾ ਅਪਣਾਉਂਦੀਆਂ ਹਨ। ਮਨੁੱਖੀ ਅਧਿਕਾਰ ਕਮਿਸ਼ਨ ਅਨੁਸਾਰ ਆਮ ਤੌਰ ’ਤੇ ਹਿਰਾਸਤ ’ਚ ਤਸ਼ੱਦਦ ਕਾਰਨ ਹੋਈ ਮੌਤ ਨੂੰ ਖੁਦਕੁਸ਼ੀ ਜਾਂ ਕਿਸੇ ਪਹਿਲਾਂ ਹੀ ਮੌਜੂਦ ਬਿਮਾਰੀ ਕਾਰਨ ਹੋਈ ਮੌਤ ਦੱਸਿਆ ਜਾਣਾ ਇੱਕ ਆਮ ਗੱਲ ਹੈ ਅਤੇ ਇਸ ਲਈ ਪੁਲਿਸ ਅਜੀਬੋ-ਗਰੀਬ ਤੇ ਹਾਸੋਹੀਣੀਆਂ ਕਹਾਣੀਆਂ ਘੜਦੀ ਹੈ। ਖੁਦਕਸ਼ੀ ਕਰਨ ਲਈ ਫਾਹਾ ਲੈਣ ਲਈ ਅਜੀਬੋਗਰੀਬ ਚੀਜ਼ਾਂ ਜਿਵੇਂ ਜੁੱਤਿਆਂ ਦੇ ਫੀਤੇ, ਰਜਾਈ-ਖੇਸ, ਜੀਨ ਦੀ ਪੈਂਟ ਆਦਿ ਦੀ ਵਰਤੋਂ ਦੀਆਂ ਕਹਾਣੀਆਂ ਵੀ ਸਾਹਮਣੇ ਆਈਆਂ ਹਨ ਜਿਹਨਾਂ ਦੀ ਵਿਆਖਿਆ ਕਰਨਾ ਕਿਸੇ ਵੀ ਤਰ੍ਹਾਂ ਸੰਭਵ ਨਹੀਂ ਹੈ। ਇਹ ਵੀ ਸਮਝ ਨਹੀਂ ਆਉਂਦਾ ਕਿ ਪੁਲਿਸ ਹਿਰਾਸਤ ’ਚ ਬੰਦ ਵਿਅਕਤੀ ਕੋਲ ਖੁਦਕੁਸ਼ੀ ਕਰਨ ਲਈ ਜ਼ਹਿਰ, ਬਿਜਲੀ ਦੀ ਤਾਰ ਆਦਿ ਚੀਜ਼ਾਂ ਕਿਥੋਂ ਆ ਜਾਂਦੀਆਂ ਹਨ? ਇਸ ਤੋਂ ਇਲਾਵਾ ਪੁਲਿਸ ਹਿਰਾਸਤ ਵਿੱਚ ਜਾਣ ਤੋਂ ਪਹਿਲਾਂ ਮਾਨਸਿਕ ਤੌਰ ‘ਤੇ ਬਿਲਕੁਲ ਠੀਕ-ਠਾਕ ਲੋਕ 48 ਘੰਟਿਆਂ ਦੇ ਅੰਦਰ-ਅੰਦਰ ਹੀ ਖੁਦਕੁਸ਼ੀ ਕਿਉਂ ਕਰ ਲੈਂਦੇ ਹਨ? ਇਹਨਾਂ ਸਵਾਲਾਂ ਦਾ ਕਿਸੇ ਕੋਲ਼ ਕੋਈ ਜਵਾਬ ਨਹੀਂ ਹੁੰਦਾ। ਖੁਦਕੁਸ਼ੀ ਕਰਨ ਤੋਂ ਇਲਾਵਾ ਬਹੁਤ ਸਾਰੇ ਵਿਅਕਤੀ ‘ਬੀਮਾਰੀਆਂ’ ਕਾਰਨ ਵੀ ਪੁਲਿਸ ਹਿਰਾਸਤ ਵਿੱਚ ਮਰ ਜਾਂਦੇ ਹਨ। ਇੱਥੋਂ ਤੱਕ ਕਿ ਹਿਰਾਸਤ ਤੋਂ ਪਹਿਲਾਂ ਬਿਲਕੁਲ ਠੀਕ-ਠਾਕ ਵਿਅਕਤੀ ਵੀ 48 ਘੰਟਿਆਂ ਦੇ ਅੰਦਰ-ਅੰਦਰ ਹੀ ਕਿਸੇ ਅਜਿਹੀ ‘ਬਿਮਾਰੀ’ ਦਾ ਸ਼ਿਕਾਰ ਹੋ ਜਾਂਦੇ ਹਨ ਜਿਸ ਕਾਰਨ ਉਹਨਾਂ ਦੀ ਮੌਤ ਹੋ ਜਾਂਦੀ ਹੈ। ਇਹਨਾਂ ਮਾਮਲਿਆਂ ‘ਚ ਅਕਸਰ ਪੁਲਿਸ ਮੈਡੀਕਲ ਕਿੱਤੇ ਨਾਲ ਸੰਬੰਧਿਤ ਡਾਕਟਰਾਂ ਤੇ ਹੋਰ ਵਿਅਕਤੀਆਂ ਦੀ ਮਦਦ ਨਾਲ ਝੂਠੀਆਂ ਰਿਪੋਰਟਾਂ ਬਣਾ ਕੇ ਬਚ ਨਿਕਲ਼ਦੀ ਹੈ। ਜਿੱਥੇ ਕਿਤੇ ਹਿਰਾਸਤ ’ਚ ਲਏ ਵਿਅਕਤੀ ਨੂੰ ਵਾਕਈ ਕੋਈ ਬਿਮਾਰੀ ਹੁੰਦੀ ਵੀ ਹੈ, ਉੱਥੇ ਅਜਿਹੇ ਵਿਅਕਤੀ ਨੂੰ ਮੈਡੀਕਲ ਸਹਾਇਤਾ ਦਿਵਾਉਣ ’ਚ ਅਣਗਹਿਲੀ ਵਰਤੀ ਜਾਂਦੀ ਹੈ ਜਾਂ ਜਾਣਬੁਝ ਕੇ ਦੇਰ ਕੀਤੀ ਜਾਂਦੀ ਹੈ। ਇਸ ਤੋਂ ਬਿਨਾ ਮਾਰੇ ਗਏ ਵਿਅਕਤੀ ਦੇ ਵਾਰਿਸਾਂ ਨੂੰ ਮਾਮਲਾ ਦਬਾਉਣ ਲਈ ਧਮਕਾਉਣਾ, ਵਾਰਿਸਾਂ ’ਤੇ ਝੂਠੇ ਕੇਸ ਪਾਉਣੇ ਅਤੇ ਵਾਰਸਾਂ ਵਿਚਲੀਆਂ ਔਰਤਾਂ ਨਾਲ਼ ਧੱਕੇਸ਼ਾਹੀਆਂ, ਬਲਾਤਕਾਰ ਵੀ ਹੁੰਦੇ ਹਨ।

ਹਿਰਾਸਤੀ ਮੌਤਾਂ ’ਚ ਮਾਰੇ ਜਾਣ ਬਹੁਤੇ ਵਿਅਕਤੀ ਆਮ ਤੌਰ ’ਤੇ ਕਿਸੇ ਛੋਟੇ-ਮੋਟੇ ਮਾਮਲੇ ‘ਚ ਹਿਰਾਸਤ ਵਿੱਚ ਲਏ ਗਏ ਹੁੰਦੇ ਹਨ। ਭਾਰਤ ਵਿੱਚ ਸ਼ੱਕ ਅਧੀਨ ਲੋਕਾਂ ਜਾਂ ਅਪਰਾਧੀਆਂ ਤੋਂ ਜਾਣਕਾਰੀ ਹਾਸਲ ਕਰਨ ਜਾਂ ਗੁਨਾਹ ਕਬੂਲ ਕਰਵਾਉਣ ਦਾ ਤਸ਼ੱਦਦ ਮੋਟੇ ਤੌਰ ’ਤੇ ਇੱਕੋ-ਇੱਕ ਤਰੀਕਾ ਹੈ। ਵਿਗਿਆਨਕ ਤਰੀਕੇ ਨਾਲ ਘਟਨਾਵਾਂ ਦੀ ਜਾਂਚ ਕਰਨਾ ਅਤੇ ਵਿਸ਼ਲੇਸ਼ਣ ਕਰਨ ਦਾ ਤਰੀਕਾ ਭਾਰਤ ’ਚ ਲਗਭਗ ਗੈਰ-ਹਾਜ਼ਰ ਹੈ। ਪਰ ਸਿਰਫ ਇਹੀ ਵਜ੍ਹਾ ਨਹੀਂ ਹਿਰਾਸਤ ’ਚ ਲੈ ਕੇ ਤਸ਼ੱਦਦ ਕਰਨ ਦੀ, ਹੋਰ ਵੀ ਕਈ ਕਾਰਨ ਹਨ। ਲੋਕ ਲਹਿਰਾਂ ਜਿਵੇਂ ਕਿਸਾਨਾਂ ਦੇ ਸੰਘਰਸ਼ਾਂ, ਮਜ਼ਦੂਰਾਂ ਦੀਆਂ ਹੜਤਾਲਾਂ ਦੇ ਆਗੂਆਂ, ਪੁਲਿਸ ਜ਼ਬਰ ਜਾਂ ਸਰਕਾਰੀ ਧੱਕੇਸ਼ਾਹੀਆਂ ਦਾ ਵਿਰੋਧ ਕਰਨ ਵਾਲੇ ਲੋਕਾਂ ਨੂੰ ਹਿਰਾਸਤ ’ਚ ਲੈ ਕੇ ਤਸ਼ੱਦਦ ਕਰਨਾ ਤਾਂ ਭਾਰਤ ਦੇ ਹਰੇਕ ਸੂਬੇ ’ਚ ਇੱਕ ਆਮ ਜਿਹੀ ਗੱਲ ਹੈ। ਅਜਿਹੇ ਮਾਮਲਿਆਂ ‘ਚ ਅਕਸਰ ਝੂਠੇ ਕੇਸ ਦਰਜ ਕਰਕੇ ਲੋਕਾਂ ਨੂੰ ਹਿਰਾਸਤ ’ਚ ਲਿਆ ਜਾਂਦਾ ਹੈ ਤੇ ਫਿਰ ਅਜਿਹੇ ਲੋਕਾਂ ਤੇ ਹੋਰ ਆਮ ਲੋਕਾਂ ਨੂੰ ਸਬਕ ਸਿਖਾਉਣ ਲਈ ਅਣਮਨੁੱਖੀ ਜ਼ੁਲਮ ਢਾਹੇ ਜਾਂਦੇ ਹਨ। ਬਹੁਤ ਸਾਰੇ ਮਾਮਲੇ ਅਜਿਹੇ ਵੀ ਹਨ ਜਿੱਥੇ ਮੋਟੀ ਰਿਸ਼ਵਤ ਵਸੂਲਣ ਲਈ ਅਜਿਹਾ ਕੀਤਾ ਗਿਆ ਜਾਂ ਫਿਰ ਰਿਸ਼ਵਤ ਦੇਣ ਤੋਂ ਇਨਕਾਰ ਕਰਨ ’ਤੇ ਸੰਬੰਧਿਤ ਵਿਅਕਤੀ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਅਕਸਰ

(ਬਾਕੀ ਪੰਨਾ 32 ’ਤੇ)

ਸਮਕਾਲ

ਕਿਸ ਦੀ ਦਲਾਲੀ ਕਰ ਰਹੀ ਹੈ ***ਟੀਮ ਅੰਨਾ?***

• ਡਾ. ਅੰਮ੍ਰਿਤ

ਪੰਜ ਸੂਬਿਆਂ 'ਚ ਹੋ ਰਹੀਆਂ ਅਸੈਂਬਲੀ ਚੋਣਾਂ 'ਚ 'ਟੀਮ ਅੰਨਾ' ਨੇ ਲੋਕਪਾਲ ਬਿਲ ਦੇ ਵਿਰੋਧੀਆਂ ਖਿਲਾਫ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ। ਅੰਨਾ ਹਜ਼ਾਰੇ ਦੀ ਸਿਹਤ ਖਰਾਬ ਹੋਣ ਕਾਰਨ ਅੱਜਕੱਲ 'ਟੀਮ ਅੰਨਾ' 'ਚੋਂ ਅੰਨਾ ਗੈਰ-ਹਾਜ਼ਰ ਹਨ, 'ਕੱਲੀ 'ਟੀਮ' ਹੀ ਮਿਸ਼ਨ 'ਤੇ ਹੈ। ਉੱਤਰਾਖੰਡ ਤੇ ਪੰਜਾਬ ਤੋਂ ਬਾਅਦ ਸਰਮਾਏਦਾਰ ਢਾਂਚੇ ਦੇ ਸਾਬਕਾ ਵਰਦੀਧਾਰੀ ਤੇ ਅੱਜਕੱਲ 'ਸਿਵਲ' ਕੱਪੜਿਆਂ 'ਚ ਡਿਊਟੀ ਵਜਾਉਂਦੇ ਸੇਵਾਦਾਰ ਫਿਲਹਾਲ ਉੱਤਰ ਪ੍ਰਦੇਸ਼ 'ਚ ਪ੍ਰਚਾਰ ਮੁਹਿੰਮ 'ਤੇ ਹਨ।

2011 ਦੇ ਸਾਲ 'ਚ ਭ੍ਰਿਸ਼ਟਾਚਾਰ ਵਿਰੋਧੀ ਮਸੀਹਾ ਅੰਨਾ ਹਜ਼ਾਰੇ ਨੇ ਇੱਕ ਤੋਂ ਬਾਅਦ ਇੱਕ ਤਿੰਨ ਮਰਨ ਵਰਤ ਰੱਖੇ। ਅਜੰਡਾ ਸੀ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਲੋਕਪਾਲ ਬਿਲ ਪਾਸ ਕਰਵਾਉਣਾ। ਇਸ 'ਲਹਿਰ' ਨੇ ਮਧਵਰਗੀ ਤਬਕੇ ਨੂੰ ਖਾਸ ਤੌਰ 'ਤੇ ਪ੍ਰਭਾਵਿਤ ਕੀਤਾ। ਪਰ ਜਿਵੇਂ ਜਿਵੇਂ 'ਅੰਨਾ ਕੀ ਆਂਧੀ' ਅੱਗੇ ਵਧੀ, ਇਸ ਹਨੇਰੀ ਨਾਲ਼ ਉੱਡੀ ਧੂੜ ਵੀ ਬੈਠਨ ਲੱਗੀ ਅਤੇ ਇਸ ਦੇ ਅਸਲੀ ਚਿਹਰੇ ਪਛਾਣ 'ਚ ਆਉਣ ਲੱਗੇ। ਅਸਲੀ ਚਿਹਰਾ - ਸੱਜੇ-ਪੱਖੀ ਸਿਆਸਤ ਜਿਸ ਦਾ ਤਰਕ ਇਸਨੂੰ ਫਾਸੀਵਾਦੀਆਂ ਦੀ ਚਰਨ-ਗੰਗਾ 'ਚ ਲੈ ਜਾਂਦਾ ਹੈ। ਸ਼ੁਰੂ ਵਿੱਚ ਫਾਸੀਵਾਦੀ ਚਰਨ-ਗੰਗਾ 'ਚ ਕੀਤੇ ਇਸ਼ਨਾਨ ਦੇ ਲੱਛਣ 'ਭਾਰਤ ਮਾਤਾ ਕੀ ਜੈ' ਜਾਂ 'ਵੰਦੇ ਮਾਤਰਮ' ਜਿਹੇ ਨਾਹਰਿਆਂ ਦੇ ਗਰੁੜ-ਪਾਠ ਤੇ ਸਟੇਜ ਉੱਤੇ ਧਰਤ-ਲੋਕ ਅਤੇ ਪਰਲੋਕ ਦੇ ਹਿੰਦੂਵਾਦੀ ਚਿੰਨ੍ਹਾਂ ਦੀ ਮੌਜੂਦਗੀ, ਅੰਨਾ ਹਜ਼ਾਰੇ ਦੀ 'ਮੋਦੀ-ਮਹਿਮਾ', ਅੰਨਾ ਆਂਧੀ 'ਚ ਭੀੜ ਦਿਖਾਉਣ ਲਈ ਸੰਘੀਆਂ ਦੇ ਕਾਡਰ ਦੀ ਭਰਪੂਰ ਮੌਜੂਦਗੀ ਰਾਹੀਂ ਪ੍ਰਗਟ ਹੋਏ, ਪਰ ਹੁਣ ਟੀਮ ਅੰਨਾ ਨੇ ਮੱਥੇ ਉੱਤੇ ਭਗਵੀਂ ਪੱਟੀ ਬੰਨ੍ਹ ਹੀ ਲਈ ਹੈ।

ਉੱਤਰਾਖੰਡ 'ਚ ਆਪਣੇ ਪ੍ਰਚਾਰ ਦੌਰਾਨ 'ਟੀਮ ਅੰਨਾ' ਨੇ ਖੰਡੂਰੀ ਸਰਕਾਰ ਦੁਆਰਾ ਨਵੰਬਰ, 2011(ਚੋਣਾਂ ਤੋਂ ਐਨ ਪਹਿਲਾਂ) 'ਚ ਪਾਸ ਲੋਕਆਯੁਕਤ ਐਕਟ ਦੀ ਪ੍ਰਸੰਸਾ ਕੀਤੀ, ਉੱਥੇ ਇਸੇ ਭਾਜਪਾ ਸਰਕਾਰ ਦੇ ਭ੍ਰਿਸ਼ਟਾਚਾਰੀ ਕਾਰਨਾਮਿਆਂ ਜਿਹਨਾਂ ਕਰਕੇ ਭਾਜਪਾ ਨੂੰ ਨਮੋਸ਼ੀ 'ਚ ਆਪਣਾ ਮੁੱਖ ਮੰਤਰੀ ਤੱਕ ਬਦਲਣਾ ਪਿਆ, ਬਾਰੇ ਗੱਲ ਕਰਨ ਲੱਗਿਆਂ 'ਟੀਮ' ਨੂੰ ਇੰਨੀ ਜ਼ਿਆਦਾ ਸੁਸਤੀ ਪੈ ਗਈ ਕਿ ਇਸਦਾ ਜ਼ਿਕਰ ਤੱਕ ਕਰਨਾ ਦਿਮਾਗ 'ਚੋਂ ਨਿਕਲ ਗਿਆ। ਪਰ ਵੋਟਰਾਂ ਲਈ ਸੁਨੇਹਾ ਸਾਫ ਸੀ - ਵੋਟ ਕਿਹਨੂੰ ਪਾਉਣੀ, ਲੋਕਆਯੁਕਤ ਪਾਸ ਕਰਨ ਵਾਲ਼ਿਆਂ ਨੂੰ। ਪੰਜਾਬ ਯਾਤਰਾ ਦੀ ਰਸਮ ਅਦਾਇਗੀ ਵੀ 'ਟੀਮ' ਨੂੰ ਕਰਨੀ ਪਈ, ਪਰ ਇੱਥੇ ਵੀ 'ਉੱਤਰਾਖੰਡ ਦੇ ਲੋਕਆਯੁਕਤ' ਦਾ ਮਹਿਮਾਗਾਣ ਹੁੰਦਾ ਰਿਹਾ ਅਤੇ ਕੇਂਦਰ 'ਚ ਲੋਕਪਾਲ ਬਿਲ ਨੂੰ ਲੈ ਕੇ ਕਾਂਗਰਸ ਦਾ ਪਿੱਟ-ਸਿਆਪਾ। ਅਕਾਲੀ-ਭਾਜਪਾ ਸਰਕਾਰ ਨੇ ਪੰਜ ਸਾਲਾਂ 'ਚ ਲੋਕਾਂ ਨੂੰ ਜੋ ਕੁੱਟਿਆ ਤੇ ਲੁੱਟਿਆ, ਉਸ ਬਾਰੇ ਇੱਕ ਵਾਰ ਫਿਰ ਸੁਸਤੀ ਦਾ ਆਲਮ ਛਾਇਆ ਰਿਹਾ, ਹਾਂ ਸਾਫ-ਸੁਥਰੇ ਅਕਸ ਵਾਲ਼ੇ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਧਾਰਮਕ ਉਪਦੇਸ਼ਵਾਦੀ ਜੁਗਾਲੀ ਜ਼ਰੂਰ ਕੀਤੀ ਗਈ। ਕਿਸੇ ਨੇ ਨਹੀਂ ਪੁੱਛਿਆ ਕਿ ਸਾਫ-ਸੁਥਰੇ ਅਕਸ ਵਾਲ਼ੇ ਇੱਥੇ ਤਾਂ ਕਿਸੇ ਨੂੰ ਨਹੀਂ ਦਿਸੇ, ਤੁਸੀਂ ਇੱਕ-ਦੋ ਨਾਮ ਦੱਸ ਜਾਓ ? ਅਕਾਲੀ, ਭਾਜਪਾ, ਕਾਂਗਰਸ ਆਦਿ ਸਭ ਦੇ ਸਭ ਕਰੋੜਾਂ-ਅਰਬਾਂਪਤੀ ਹਨ ਜਿਹਨਾਂ ਦੀ ਦੌਲਤ ਪਿੱਛਲੇ ਪੰਜ ਸਾਲਾਂ 'ਚ ਹੀ 200% ਤੋਂ ਜ਼ਿਆਦਾ ਵਾਧੇ ਨਾਲ਼ ਵਧੀ ਫੁੱਲੀ ਹੈ।

ਉੱਤਰ ਪ੍ਰਦੇਸ਼ 'ਚ ਪ੍ਰਚਾਰ ਦੌਰਾਨ 'ਟੀਮ' ਆਪਣੇ ਅਸਲੀ ਰੰਗ 'ਚ ਆਈ। ਪਹਿਲੇ ਦੌਰ ਦੌਰਾਨ 'ਟੀਮ' ਨੇ ਚਾਰ ਰੈਲੀਆਂ ਕੀਤੀਆਂ। ਚਾਰਾਂ ਥਾਂਵਾਂ 'ਚੋਂ ਤਿੰਨ ਥਾਈਂ ਫਤੇਹਪੁਰ, ਗੋਂਡਾ ਤੇ ਬਸਤੀ ਵਿੱਚ 'ਟੀਮ' ਦੇ ਪ੍ਰੋਗਰਾਮ ਦਾ ਪ੍ਰਬੰਧ ਸੰਘ ਦੇ ਅਹੁਦੇਦਾਰਾਂ ਨੇ ਕੀਤਾ। ਸੰਘ ਦੁਆਰਾ ਚਲਾਏ ਜਾਂਦੇ ਸਕੂਲਾਂ 'ਚੋਂ ਬੱਚੇ ਲਿਆ ਕੇ ਭੀੜ ਇਕੱਠੀ ਕੀਤੀ ਗਈ। ਬਾਕੀ ਕੰਮ ਕਿਰਨ ਬੇਦੀ ਐਂਡ ਕੰਪਨੀ ਨੇ ਸਾਂਭ ਲਿਆ। ਉੱਤਰਾਖੰਡ ਦੇ ਲੋਕਆਯੁਕਤ ਬਿਲ ਦਾ ਮਾਲਾ-ਜਾਪ ਇੱਥੇ ਵੀ ਬਾਦਸਤੂਰ ਜਾਰੀ ਰਿਹਾ। ਕਾਂਗਰਸ 'ਭ੍ਰਿਸ਼ਟਾਚਾਰੀ' ਹੈ, ਸਮਾਜਵਾਦੀ ਪਾਰਟੀ 'ਅਪਰਾਧੀਕ੍ਰਿਤ' ਹੈ ਅਤੇ ਬਸਪਾ 'ਭੈੜੀ ਤਰ੍ਹਾਂ' ਸਰਕਾਰ ਚਲਾਉਂਦੀ ਹੈ.... ਪਰ ਭਾਜਪਾ ਕੀ ਕਰਦੀ ਹੈ ? ਇਸ ਬਾਰੇ ਮੁਕੰਮਲ ਚੁੱਪ। ਕਰਨਾਟਕ 'ਚ ਭਾਜਪਾ ਦੇ ਮੁੱਖ ਮੰਤਰੀ ਯੇਦੀਯੁਰੱਪਾ ਤੇ ਉਹਨਾਂ ਦੇ ਡਿਪਟੀਆਂ ਬਾਰੇ ਜਿਹੜੇ ਖਾਣਾਂ, ਜ਼ਮੀਨ 'ਤੇ ਕਬਜਿਆਂ ਤੋਂ ਲੈ ਕੇ ਵਿਧਾਨ ਸਭਾ 'ਚ ਬੈਠਕੇ ਬਲੂ ਫਿਲਮਾਂ ਦੇਖਣ ਦੇ 'ਪਵਿੱਤਰ' ਕੰਮ ਕਰ ਰਹੇ ਹਨ (ਇਹ ਰਾਜ ਗੁਜਰਾਤ ਤੋਂ ਬਾਅਦ ਸ਼ਾਇਦ ਸੰਘੀਆਂ ਦੀ ਅਗਲੀ ਪ੍ਰਯੋਗਸ਼ਾਲਾ ਬਣਨ ਜਾ ਰਿਹਾ ਹੈ), ਗੁਜਰਾਤ 'ਚ ਮੁਸਲਮਾਨਾਂ ਦੇ ਲਹੂ ਦੀ ਹੋਲੀ ਖੇਡਣ ਵਾਲ਼ੇ ਮੋਦੀ

ਬਾਰੇ, ਦੇਸ਼ ਦੇ ਸਭ ਤੋਂ ਗਰੀਬ ਤੇ ਭਿਅੰਕਰ ਭੁੱਖਮਰੀ ਦੇ ਸ਼ਿਕਾਰ ਮੱਧ ਪ੍ਰਦੇਸ਼ ਬਾਰੇ, ਕਾਰਪੋਰੇਟਾਂ ਨੂੰ ਦੇਸ਼ ਦੀ ਖਣਿਜ ਦੌਲਤ ਕੌਡੀਆਂ ਭਾਅ ਸਪੁਰਦ ਕਰਨ ਲਈ ਆਦਿਵਾਸੀਆਂ ਖਿਲਾਫ ਮੋਰਚੇ ਖੋਲਣ ਵਾਲ਼ੀ ਰਮਨ ਕੁਮਾਰ ਸਰਕਾਰ ਬਾਰੇ ਅਤੇ ਉੱਤਰ ਪ੍ਰਦੇਸ਼ ਵਿੱਚ ਹੀ ਰਾਮ ਮੰਦਰ ਦੇ ਨਾਂ ’ਤੇ ਆਮ ਲੋਕਾਂ ਤੇ ਘੱਟਗਿਣਤੀਆਂ ਦਾ ਜੀਣਾ ਦੁੱਭਰ ਕਰਨ ਵਾਲ਼ੀ ਭਾਜਪਾ ਬਾਰੇ ‘ਟੀਮ’ ਨੂੰ ਗੱਲ ਕਰਨ ਲੱਗਿਆਂ ਘੁਮੇਰ ਚੜ੍ਹ ਆਉਂਦੀ ਹੈ ਅਤੇ ਸਿਰਫ ਉੱਤਰ ਪ੍ਰਦੇਸ਼ ਦੀ ਭਾਜਪਾ ਯੂਨਿਟ ਵੱਲੋਂ ਲੋਕਆਯੁਕਤ ਦਾ ਪੱਕਾ ਵਾਅਦਾ (ਪੱਕਾ ਵਾਅਦਾ !!) ਨਾ ਕਰਨ ਦਾ ਥੋੜ੍ਹਾ ਜਿਹਾ ਸ਼ਿਕਵਾ ਕਰਦੀ ਹੈ, ਤੇ ਉੱਚੀ ਸਾਰੀ ਲੋਕਾਂ ਨੂੰ ਦੱਸਦੀ ਹੈ ਕਿ ਕੋਈ ਗੱਲ ਨਹੀਂ, ਉੱਤਰਾਖੰਡ ’ਚ ਲੋਕਆਯੁਕਤ ਆ ਗਿਆ ਹੈ ਜਿਹੜਾ ਭਾਜਪਾ ਸਰਕਾਰ ਨੇ ਲਿਆਂਦਾ ਹੈ। ਵੋਟਰਾਂ ਲਈ ਸੁਨੇਹਾ ਫਿਰ ਸਾਫ ਹੈ।

ਇਸ ਤੋਂ ਇਲਾਵਾ, ‘ਟੀਮ’ ਦੇ ਪ੍ਰੋਗਰਾਮਾਂ ’ਚ ਇੱਕ 13-ਨੁਕਾਤੀ ਸਹੁੰ-ਪੱਤਰ ਵੰਡਿਆ ਗਿਆ। ਇਸ ਸਹੁੰ-ਪੱਤਰ ਦਾ ਪਹਿਲਾ ਨੁਕਤਾ (ਸਵਾਮੀ ਵਿਵੇਕਾਨੰਦ ਦਾ ਹਵਾਲਾ ਦਿੰਦੇ ਹੋਏ) ਜਿਹੜਾ ਅੱਜ ਦੇ ਭਾਰਤ ’ਚ ਸਿਰਫ ਸੰਘ ਹੀ ਪੇਸ਼ ਕਰ ਸਕਦਾ ਹੈ- “ਕਿ ਮੈਂ ਭਾਰਤ ਦਾ ਸ਼ਹਿਰੀ ਹਾਂ ਤੇ ਹਰ ਭਾਰਤੀ ਮੇਰਾ ਭਰਾ ਹੈ। ਭਾਰਤੀ ਮੇਰੀ ਜ਼ਿੰਦਗੀ ਹਨ ਅਤੇ ਭਾਰਤੀ ਦੇਵਤੇ ਤੇ ਦੇਵੀਆਂ ਮੇਰੀ ਖੁਦਾਈ ਹਨ।...ਭਾਰਤ ਦੀ ਧਰਤੀ ਮੇਰਾ ਸਭ ਤੋਂ ਪਵਿੱਤਰ ਸਵਰਗ ਹੈ। ...ਅਤੇ ਇਸ ਸਾਰੀ ਜ਼ਿੰਦਗੀ ’ਚ ਮੈਂ ਦਿਨ-ਰਾਤ ਇਹੀ ਉਚਾਰਨ ਕਰਾਂਗਾ - ਓ ਗੌਰੀਨਾਥ, ਓ ਜਗਦੰਬੇ, ਮੈਨੂੰ ਦਿਆਲੂ ਬਣਾ ਅਤੇ ਮੇਰੀਆਂ ਕਮਜੋਰੀਆਂ ਤੇ ਅਣਮਨੁੱਖੀ ਗੱਲਾਂ ਨੂੰ ਮੇਰੇ ਤੋਂ ਦੂਰ ਕਰ।”

ਕੋਈ ਕਹਿ ਸਕਦਾ ਹੈ ਕਿ ਕੇਂਦਰ ਦੀ ਕਾਂਗਰਸ-ਅਗਵਾਈ ਵਾਲ਼ੀ ਸਰਕਾਰ ਨੇ ਲੋਕਪਾਲ ਬਿਲ (ਜਿਸ ਤਰ੍ਹਾਂ ਦਾ ‘ਟੀਮ ਅੰਨਾ’ ਚਾਹੁੰਦੀ ਸੀ, ਉਸ ਤਰ੍ਹਾਂ ਦਾ) ਨਹੀਂ ਲਿਆਂਦਾ, ਇਸ ਕਰਕੇ ‘ਟੀਮ ਅੰਨਾ’ ਦਾ ਕਾਂਗਰਸ ਖਿਲਾਫ ਪ੍ਰਚਾਰ ਜ਼ਾਇਜ ਹੈ। ਇਹ ਮੰਨਿਆ ਜਾ ਸਕਦਾ ਹੈ, ਪਰ ਭ੍ਰਿਸ਼ਟਾਚਾਰ ਵੇਲੇ ਗੱਲ ਕਰਨ ਲੱਗਿਆ ਦੂਜੀਆਂ ਧਿਰਾਂ, ਖਾਸ ਕਰਕੇ ਭਾਜਪਾ ਜਿਹੜੀ ਭ੍ਰਿਸ਼ਟਾਚਾਰ ’ਚ ਉਨੀ ਹੀ ਡੁੱਬੀ ਹੋਈ ਹੈ ਜਿੰਨੀ ਕਿ ਕਾਂਗਰਸ ਜਾਂ ਕੋਈ ਹੋਰ ਪਾਰਟੀ, ਨੂੰ ਖਾਸ ਛੋਟ ਕਿਉਂ? ਕੀ ਇਹੀ ਹੈ ‘ਤਕੜੇ’ ਲੋਕਪਾਲ ਦੀ ਵਕੀਲੀ ਕਰਨ ਵਾਲ਼ਿਆਂ ਦਾ ਸਿਆਸੀ ਗਿਆਨ ਜਿਸਦਾ ਦਾ ਸਿੱਧਾ ਮਤਲਬ ਹੈ ਆਮ ਲੋਕਾਂ ਨੂੰ ਲੂੰਬੜ ਤੋਂ ਬਚਾਉਣ ਲਈ ਬਘਿਆੜਾਂ ਵੱਸ ਪਾਉਣਾ। ਜੇ ਇਹਨਾਂ ਲੋਕਾਂ ਨੂੰ ਇੰਨਾ ਵੀ ਪਤਾ ਨਹੀਂ (ਜਿਸਦੀ ਸੰਭਾਵਨਾ ਨਾਂਹ ਦੇ ਬਰਾਬਰ ਹੈ) ਤਾਂ ਉਹਨਾਂ ਨੂੰ ਕੋਈ ਬਿਲ ਆਦਿ ਬਣਾਉਣ ਦਾ ਵੀ ਕੀ ਹੱਕ ਹੈ?

ਅੰਨਾ ਹਜ਼ਾਰੇ ਦੀ ਵਿਚਾਰਧਾਰਕ ਤੇ ਸਿਆਸੀ ਸੇਧ ਜਿਹੜੀ ਉਹਨਾਂ ਆਪਣੇ ਪਿੰਡ ਰਾਲੇਗਣ ਸਿੱਧੀ ’ਚ ਲਾਗੂ ਕੀਤੀ ਹੈ, ਬਾਰੇ ਤਾਂ ਖੈਰ ਮੁਕਲ ਸ਼ਰਮਾ ਆਪਣੇ ਲੇਖਾਂ ਤੇ ਕਿਤਾਬ ’ਚ ਵਿਸਥਾਰ ’ਚ ਦਿਖਾ ਚੁੱਕੇ ਹਨ ਕਿ ਇਹ ਨਾਜ਼ੀਆਂ ਦੀ, ਹਿਟਲਰ ਦੀ ਸਿਆਸਤ ਹੈ, ਫਾਸੀਵਾਦੀ ਵਿਚਾਰਧਾਰਾ ਹੈ ਜੋ ਸੰਘ ਨੂੰ ਖੂਬ ਭਾਉਂਦੀ ਹੈ। ਫਾਸੀਵਾਦ ਪਿੱਛੇ ਕਿਉਂਕਿ ਹਮੇਸ਼ਾਂ ਵੱਡੇ ਸਰਮਾਏਦਾਰ ਹੁੰਦੇ ਹਨ, ਇਸ ਲਈ ਉਹਨਾਂ ਨੂੰ ਵੀ ਇਹ ਖੂਬ ਰਾਸ ਆਉਂਦਾ ਹੈ, ਇਹ ਐਵੇਂ ਨਹੀਂ ਸੀ ਕਿ ਦੇਸ਼ ਦੇ 80% ਲੋਕਾਂ ਨੂੰ ਗਰੀਬੀ ਦੀ ਜਿੱਲ੍ਹਣ ’ਚ ਧੱਕਣ ਵਾਲੇ ਟਾਟਾ, ਬਿਰਲਾ, ਜਿੰਦਲ ਆਦਿ ਜਿਹਿਆਂ ਦੀ ਸਰਮਾਏਦਾਰ ਜਮਾਤ ਨੇ ਅੰਨਾ ਦੀ ਪ੍ਰਸ਼ੰਸਾ ਦੇ ਪੁਲ ਬੰਨ੍ਹੇ। ਬਾਕੀ ਮੈਂਬਰਾਂ ਦਾ ਵੀ ਇਹੀ ਹਾਲ ਹੈ। ਅਰਵਿੰਦ ਕੇਜਰੀਵਾਲ ਦੇ ਸੰਘ ਅਤੇ ਭਾਜਪਾ ਨਾਲ ‘ਨਿੱਘੇ’ ਸੰਬੰਧ ਜੱਗ ਜ਼ਾਹਿਰ ਹਨ। ਸ਼ਾਂਤੀ ਭੂਸ਼ਣ ਕਾਰਪੋਰੇਟਾਂ ਦੇ ਕੇਸ ਲੜਦੇ ਹਨ। ਪਿੱਛੇ ਜਿਹੇ ਉਹਨਾਂ ਨੇ ਵੱਡੀ ਦਵਾ ਕੰਪਨੀ ‘ਨੋਵਾਰਟਿਸ’ ਲਈ ਅਦਾਲਤੀ ਜੰਗ ਲੜੀ। ਮਸਲਾ ਇਹ ਸੀ ਕਿ ਨੋਵਾਰਟਿਸ ਆਪਣੀ ਖੂਨ ਦੇ ਕੈਂਸਰ ਦੇ ਇਲਾਜ ਲਈ ਦਵਾਈ ਨੂੰ ਸਸਤੇ ਰੇਟਾਂ ’ਤੇ ਨਹੀਂ ਵਿਕਣ ਦੇਣਾ ਚਾਹੁੰਦੀ। ਕੰਪਨੀ ਦੇ ਰੇਟ ਹਨ 1,20,000 ਰੁਪਏ ਪ੍ਰਤੀ ਮਹੀਨਾ ਜਦਕਿ ਜੇ ਇਸ ਦਵਾਈ ਦੇ ਜੇਨੇਰਿਕ ਉਤਪਾਦ ਆਉਂਦੇ ਹਨ ਤਾਂ ਇਹ ਖਰਚਾ ਘੱਟ ਕੇ 8,000 ਰੁਪਏ ਪ੍ਰਤੀ ਮਹੀਨਾ ਰਹਿ ਜਾਵੇਗਾ। ਸ਼ਾਂਤੀ ਭੂਸ਼ਣ ਹੁਰਾਂ ਲੋਕਾਂ ਦੇ ਜੀਣ ਦੇ ਹੱਕ ਨਾਲੋਂ ਮੁਨਾਫੇ ਦਾ ਸੰਵਿਧਾਨਕ ਹੱਕ ਜ਼ਿਆਦਾ ਵੱਡਾ ਸਿੱਧ ਕਰਨ ਲਈ ਕਾਨੂੰਨੀ ਸ਼ਬਦਾਵਲੀ ਦੀ ਤਲਵਾਰਬਾਜ਼ੀ ਕੀਤੀ। ਕਾਰਪੋਰੇਟ ਫਿਰ ਲੋਕਪਾਲ ਦੇ ਦਾਇਰੇ ’ਚ ਕਿਵੇਂ ਆ ਜਾਂਦੇ? ਕੇਜਰੀਵਾਲ ਤੇ ਕਿਰਨ ਬੇਦੀ ਦਾ ਐਨ.ਜੀ.ਓ. ਵੱਡਾ ਤਾਣਾ-ਬਾਣਾ ਹੈ ਅਤੇ ਇਹਨਾਂ ਐਨ.ਜੀ.ਓ. ਦਾ ਕੰਮ ਹੀ ਲੋਕਾਂ ਦੇ ਗੁੱਸੇ ਤੇ ਬੇਚੈਨੀ ਨੂੰ ਠੰਡਾ ਰੱਖ ਕੇ ਸਿਸਟਮ ਦੀ ਸੇਵਾ ਕਰਦੇ ਰਹਿਣਾ ਹੈ।

‘ਟੀਮ ਅੰਨਾ’ ਦਾ ਭ੍ਰਿਸ਼ਟਾਚਾਰ ਵਿਰੋਧ ਇਸ ਢਾਂਚੇ ਦੀ ਉਮਰ ਲੰਬੀ ਕਰਨ ਦਾ ਹੀ ਇੱਕ ਜ਼ਰੀਆ ਹੈ। ਸਰਮਾਏਦਾਰੀ ਢਾਂਚਾ ਅਜਿਹੀਆਂ ‘ਅੰਦੋਲਨ’ ਆਪਣੇ ਚੌਖਟੇ ਦੇ ਅੰਦਰ ਵਿਰੋਧ-ਬੇਚੈਨੀ-ਗੁੱਸੇ ਦੀ ਭਾਫ਼ ਨਿੱਕਲਣ ਲਈ ਪੈਦਾ ਕਰਦਾ ਰਹਿੰਦਾ ਹੈ ਅਤੇ ਅਜਿਹੀਆਂ ‘ਲਹਿਰਾਂ’ ਦੇ ਇਸ ਅਸਲ ਖਾਸੇ ਨੂੰ ਲੋਕਾਂ ਸਾਹਮਣੇ ਤਾਰ-ਤਾਰ ਕਰਨਾ ਲਾਜ਼ਮੀ ਹੈ। ਸਾਨੂੰ ਲੈਨਿਨ ਦੀ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਫਾਸੀਵਾਦ ਦਸ ਵਿੱਚੋਂ ਨੌਂ ਵਾਰੀ ਨਸਲਵਾਦ, ਫਿਰਕਾਪ੍ਰਸਤੀ ਤੇ ਸੱਭਿਆਚਾਰਕ ਕੌਮਵਾਦ ਦਾ ਮਖੌਟਾ ਪਾ ਕੇ ਆਉਂਦਾ ਹੈ। ਸਰਮਾਏਦਾਰੀ ਸੰਕਟ ਦੇ ਦੌਰ ਸਮੇਂ ਅਜਿਹਾ ਲੋਕ ਮਸਲਿਆਂ ਦਾ ਮਖੌਟਾ ਪਾ ਕੇ ਤੇ ਉਸ ਲਈ ਚਮਤਕਾਰੀ ਨੁਸਖੇ ਸੁਝਾਉਣ ਦੇ ਨਾਂ ਹੇਠ ਹੁੰਦਾ ਹੈ ਅਤੇ ਹੁਣ ਅਜਿਹਾ ਹੀ ਸੰਕਟ ਦਾ ਦੌਰ ਚੱਲ ਰਿਹਾ ਹੈ। ਬੇਰੁਜ਼ਗਾਰ ਨੌਜਵਾਨ ਅਤੇ ਮਹਿੰਗਾਈ ਤੇ ਭ੍ਰਿਸ਼ਟਾਚਾਰ ਨਾਲ ਬਦਹਾਲ ਮੱਧਵਰਗ ਇਸ ਲਈ ਤਿਆਰ ਬਰ ਤਿਆਰ ਜਰਖੇਜ਼ ਜ਼ਮੀਨ ਹੈ। ਇਸ ਲਈ ਫਾਸੀਵਾਦ ਦੇ ਹਰ ਪ੍ਰਗਟਾਵੇ ਨੂੰ ਚਾਹੇ ਉਹ ਕਿਸੇ ਵੀ ਰੂਪ ’ਚ ਹੋਵੇ, ਆਮ ਕਿਰਤੀ ਲੋਕਾਂ ਤੇ ਖਾਸ ਕਰਕੇ ਨੌਜਵਾਨਾਂ ਦੇ ਸਾਹਮਣੇ ਨੰਗਾ ਕਰਨਾ ਸਮੇਂ ਦੇ ਸਭ ਤੋਂ ਮਹੱਤਵਪੂਰਨ ਕੰਮਾਂ ’ਚੋਂ ਇੱਕ ਹੈ। •

ਕੌਮਾਂਤਰੀ ਨਾਰੀ ਦਿਵਸ (8 ਮਾਰਚ) 'ਤੇ

ਵਰਤਮਾਨ ਸੰਸਾਰ ਵਿੱਚ ਔਰਤਾਂ ਦੀ ਦੁਰਦਸ਼ਾ ਨੂੰ ਬਿਆਨ ਕਰਦੇ ਅੰਕੜੇ

• ਨਮਿਤਾ

ਸੰਸਾਰ ਭਰ 'ਚ ਔਰਤਾਂ ਦੀ ਹਾਲਤ



ਔਰਤਾਂ ਅਤੇ ਗਰੀਬੀ

• ਸੰਸਾਰ ਭਰ 'ਚ ਗਰੀਬੀ ਵਿੱਚ ਰਹਿ ਰਹੇ 120 ਕਰੋੜ ਲੋਕਾਂ ਵਿੱਚ 70 ਫੀਸਦੀ ਔਰਤਾਂ ਹਨ।

• ਸੰਸਾਰ ਵਿੱਚ ਕੀਤੀ ਜਾਂਦੀ ਕੁੱਲ ਕਿਰਤ (ਘੰਟਿਆਂ 'ਚ) ਦਾ 67 ਫੀਸਦੀ ਔਰਤਾਂ ਦੇ ਹਿੱਸੇ ਆਉਂਦਾ ਹੈ। ਜਦ ਕਿ ਸੰਸਾਰ ਆਮਦਨ 'ਚ ਉਹਨਾਂ ਦਾ ਹਿੱਸਾ ਸਿਰਫ਼ 10 ਫੀਸਦੀ ਹੈ। ਅਤੇ ਸੰਸਾਰ ਦੀ ਸੰਪੱਤੀ 'ਚ ਉਨ੍ਹਾਂ ਦਾ ਹਿੱਸਾ ਸਿਰਫ਼ 1 ਫੀਸਦੀ ਹੈ।

• ਸੰਸਾਰ ਭਰ ਵਿੱਚ ਬਿਨਾਂ ਭੁਗਤਾਨ ਦੇ ਕੀਤੇ ਜਾਣ ਵਾਲ਼ੇ ਕੰਮ ਦੀ ਕਦਰ ਲਗਭਗ 1600 ਕਰੋੜ ਡਾਲਰ ਹੈ ਜਿਸ ਵਿੱਚ ਔਰਤਾਂ ਵੱਲੋਂ ਪਾਇਆ ਜਾਂਦਾ ਹਿੱਸਾ 1100 ਕਰੋੜ ਡਾਲਰ ਹੈ।

• ਸੰਸਾਰ ਭਰ 'ਚ ਔਰਤਾਂ ਨੂੰ ਮਰਦਾਂ ਨਾਲ਼ੋਂ ਔਸਤਨ 30-40 ਫੀਸਦੀ ਘੱਟ ਤਨਖ਼ਾਹ ਦਿੱਤੀ ਜਾਂਦੀ ਹੈ।

• ਵਿਕਾਸਸ਼ੀਲ ਮੁਲਕਾਂ ਵਿੱਚ 60-80 ਫੀਸਦੀ ਭੋਜਨ ਔਰਤਾਂ ਦੁਆਰਾ ਪੈਦਾ ਕੀਤਾ ਜਾਂਦਾ ਹੈ।

• ਪ੍ਰਬੰਧਕੀ ਅਤੇ ਪ੍ਰਸ਼ਾਸਕੀ ਨੌਕਰੀਆਂ ਵਿੱਚ ਔਰਤਾਂ ਦਾ ਹਿੱਸਾ ਸਿਰਫ਼ 10-20 ਫੀਸਦੀ ਹੈ।

• ਸੰਸਾਰ ਭਰ 'ਚ 6-11 ਸਾਲ ਉਮਰ ਵਰਗ ਦੇ 13 ਕਰੋੜ ਬੱਚੇ ਜੋ ਸਕੂਲ ਨਹੀਂ ਜਾਂਦੇ ਉਨ੍ਹਾਂ ਵਿੱਚ 60 ਫੀਸਦੀ ਕੁੜੀਆਂ ਹਨ।

• ਸੰਸਾਰ ਦੇ 80 ਕਰੋੜ 75 ਲੱਖ ਅਨਪੜ੍ਹ ਬਾਲਗਾਂ ਵਿੱਚ ਅੰਦਾਜ਼ਨ 67 ਫੀਸਦੀ ਔਰਤਾਂ ਹਨ।

• ਦੱਖਣ ਏਸ਼ੀਆਈ ਦੇਸ਼ਾਂ ਵਿੱਚ 5 ਵਿੱਚੋਂ 3 ਅਤੇ ਅਫਰੀਕਨ ਅਤੇ ਅਰਬ ਦੇਸ਼ਾਂ ਵਿੱਚ ਅੰਦਾਜ਼ਨ 50 ਫੀਸਦੀ ਔਰਤਾਂ ਅਜੇ ਵੀ ਅਨਪੜ੍ਹ ਹਨ।

ਔਰਤਾਂ ਅਤੇ ਸਿਹਤ

• ਸੰਸਾਰ ਭਰ 'ਚ ਐਚ. ਆਈ. ਵੀ. / ਏਡਜ਼ ਦੇ ਮਰੀਜ਼ਾਂ ਵਿੱਚ 50 ਫੀਸਦੀ ਔਰਤਾਂ ਹਨ।

ਸਾਲ 2000 ਵਿੱਚ

• ਔਰਤਾਂ ਦੇ 8 ਕਰੋੜ ਅਣਚਾਹੇ ਗਰਭ ਧਾਰਨ ਕੀਤੇ।

• 2 ਕਰੋੜ ਅਸੁਰੱਖਿਅਤ ਗਰਭਪਾਤ ਕਰਵਾਏ।

• ਜਣੇਪੇ ਦੌਰਾਨ 5 ਲੱਖ ਔਰਤਾਂ ਦੀ ਮੌਤ ਹੋ ਗਈ।

ਭਾਰਤ ਵਿੱਚ ਔਰਤਾਂ ਵਿਰੁੱਧ ਜ਼ੁਰਮ

(ਹੇਠਾਂ ਦਿੱਤੇ ਅੰਕੜੇ ਕੌਮੀ ਜ਼ੁਰਮ ਰਿਕਾਰਡ ਬਿਊਰੋ ਵੱਲੋਂ ਜਾਰੀ ਕੀਤੀਆਂ ਵੱਖ ਵੱਖ ਰਿਪੋਰਟਾਂ 'ਚੋਂ ਲਏ ਗਏ ਹਨ।)

ਕੌਮੀ ਜ਼ੁਰਮ ਰਿਕਾਰਡ ਬਿਊਰੋ (ਐਨ. ਸੀ. ਆਰ. ਬੀ) ਮੁਤਾਬਕ 2010 ਤੱਕ ਔਰਤਾਂ ਵਿਰੋਧੀ ਜ਼ੁਰਮਾਂ ਦੀ ਵਾਧਾ ਦਰ, ਆਬਾਦੀ ਦੀ ਵਾਧਾ ਦਰ ਤੋਂ ਵੀ ਵਧੇਰੇ ਸੀ।

• ਹਰ 3.5 ਮਿੰਟਾਂ 'ਚ ਔਰਤਾਂ ਵਿਰੁੱਧ ਇੱਕ ਅਪਰਾਧ ਹੁੰਦਾ ਹੈ।

• ਭਾਰਤ ਵਿੱਚ 1999-2000 ਦਰਮਿਆਨ ਮਾਦਾ ਭਰੂਣ ਕਤਲਾਂ ਵਿੱਚ 49.2 ਫੀਸਦੀ ਵਾਧਾ ਹੋਇਆ।

ਸਾਲ 2002 ਵਿੱਚ ਔਰਤਾਂ ਵਿਰੋਧੀ ਜ਼ੁਰਮ ਇਸ ਪ੍ਰਕਾਰ ਸਨ।

• 1637 ਔਰਤਾਂ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ।

• ਰੋਜ਼ਾਨਾ 45 ਔਰਤਾਂ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ।

• ਹਰ 32 ਮਿੰਟ 'ਚ ਇੱਕ ਔਰਤ ਬਲਾਤਕਾਰ ਦੀ ਸ਼ਿਕਾਰ ਹੋਈ।

• 1997-2000 ਦਰਮਿਆਨ ਬਲਾਤਕਾਰ ਦੇ ਮਾਮਲਿਆਂ ਵਿੱਚ 6.7 ਫੀਸਦੀ ਵਾਧਾ ਹੋਇਆ।

• ਇਨ੍ਹਾਂ ਵਿੱਚ 2.25 ਫੀਸਦੀ ਬਲਾਤਕਾਰ ਦੇ ਮਾਮਲੇ ਅਜਿਹੇ ਸਨ, ਜਿਨ੍ਹਾਂ ਵਿੱਚ ਇਹ ਕੁਕਰਮ ਕਰਨ ਵਾਲ਼ੇ ਲੜਕੀਆਂ ਦੇ ਨਜ਼ਦੀਕੀ ਰਿਸ਼ਤੇਦਾਰ ਸਨ।

ਜਿਣਸੀ ਛੇੜਛਾੜ (ਸਾਲ 2002)

• ਜਿਣਸੀ ਛੇੜਛਾੜ ਦੇ 44098 ਮਾਮਲੇ ਸਾਹਮਣੇ ਆਏ।

• ਹਰ ਰੋਜ਼ 121 ਔਰਤਾਂ ਨੂੰ ਜਿਣਸੀ ਛੇੜਛਾੜ ਦਾ ਸਾਹਮਣਾ ਕਰਨਾ ਪੈਂਦਾ ਹੈ।

• ਹਰ 12 ਮਿੰਟਾਂ 'ਚ ਇੱਕ ਔਰਤ ਨਾਲ਼ ਛੇੜਛਾੜ ਹੁੰਦੀ ਹੈ।

• 1997 ਤੋਂ 2000 ਦਰਮਿਆਨ ਔਰਤਾਂ ਨਾਲ਼ ਛੇੜਛਾੜ ਦੀਆਂ ਘਟਨਾਵਾਂ ਵਿੱਚ 20.6 ਫੀਸਦੀ ਵਾਧਾ ਹੋਇਆ ਹੈ।

ਔਰਤਾਂ ਦੀ ਖਰੀਦੋ ਫਰੋਖਤ

• 2002 'ਚ 11322 ਔਰਤਾਂ ਅਤੇ ਲੜਕੀਆਂ ਵੇਚੀਆਂ ਗਈਆਂ।

• 31 ਔਰਤਾਂ ਅਤੇ ਲੜਕੀਆਂ ਹਰ ਰੋਜ਼ ਵੇਚੀਆਂ ਗਈਆਂ।

• 1 ਔਰਤ ਜਾਂ ਲੜਕੀ ਹਰ 46 ਮਿੰਟ 'ਚ ਵੇਚੀ ਗਈ।

ਅਗਵਾ ਦੀ ਘਟਨਾਵਾਂ

• ਇਸੇ ਸਾਲ 1463 ਔਰਤਾਂ ਅਤੇ ਨਾਬਾਲਗ ਲੜਕੀਆਂ ਅਗਵਾ ਕੀਤੀਆਂ ਗਈਆਂ।

• 40 ਔਰਤਾਂ ਅਤੇ ਨਾਬਾਲਗ ਲੜਕੀਆਂ ਹਰ ਰੋਜ਼ ਅਗਵਾ ਕੀਤੀਆਂ ਗਈਆਂ।

• ਹਰ 36 ਮਿੰਟਾਂ 'ਚ ਇੱਕ ਔਰਤ ਜਾਂ ਨਾਬਾਲਗ ਲੜਕੀ ਨੂੰ ਅਗਵਾ ਕੀਤਾ ਗਿਆ।

ਦਾਜ਼ ਕਾਰਨ ਮੌਤਾਂ

2002 'ਚ 7895 ਔਰਤਾਂ ਦਾਜ਼ ਦੀ ਬਲ਼ੀ ਚੜ੍ਹੀਆਂ।

ਘਰੇਲੂ ਹਿੰਸਾ

• ਸਾਲ 2002 'ਚ 49,237 ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਹੋਈਆਂ।

• ਔਰਤਾਂ ਖਿਲਾਫ਼ ਜ਼ੁਰਮਾਂ ਵਿੱਚ ਘਰੇਲੂ ਹਿੰਸਾ ਦਾ ਹਿੱਸਾ 33.3 ਫੀਸਦੀ ਹੈ।

• 1997-2002 ਦਰਮਿਆਨ ਘਰੇਲੂ ਹਿੰਸਾ ਵਿੱਚ 34.5 ਫੀਸਦੀ ਵਾਧਾ ਹੋਇਆ ਹੈ।

• 40 ਫੀਸਦੀ ਤੋਂ ਵਧੇਰੇ ਵਿਆਹੀਆਂ ਹੋਈਆਂ ਔਰਤਾਂ ਨੂੰ ਆਪਣੇ ਪਤੀਆਂ ਹੱਥੋਂ ਕੁੱਟਮਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ।

• ਹਰ ਦੋ 'ਚੋਂ ਇੱਕ ਔਰਤ ਨੂੰ - ਸਰੀਰਕ, ਜਿਣਸੀ, ਮਾਨਸਿਕ ਅਤੇ ਜਾਂ ਆਰਥਿਕ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਤਮ ਹੱਤਿਆਵਾਂ

• 2002 'ਚ 12,134 ਔਰਤਾਂ ਨੇ ਦਾਜ਼ ਕਾਰਨ ਆਤਮ ਹੱਤਿਆ ਕੀਤੀ।

• 1,10,424 ਵਿਆਹੀਆਂ ਔਰਤਾਂ ਨੇ 1997-2000 ਦਰਮਿਆਨ ਆਤਮ ਹੱਤਿਆ ਕੀਤੀ, ਇਹ ਉਨ੍ਹਾਂ ਸਭ ਔਰਤਾਂ ਦਾ ਜਿਨ੍ਹਾਂ ਨੇ ਆਤਮ ਹੱਤਿਆ ਕੀਤੀ 52 ਫੀਸਦੀ ਹੈ।

ਜਿਣਸੀ ਜ਼ਬਰ-ਜਿਨਾਹ

350 ਸਕੂਲੀ ਬੱਚੀਆਂ ਤੋਂ ਪੁਛਗਿਛ ਦੌਰਾਨ ਸਾਹਮਣੇ ਆਇਆ ਕਿ —

• ਉਨ੍ਹਾਂ ਵਿੱਚ 63 ਫੀਸਦੀ ਨੂੰ ਆਪਣੇ ਪਰਿਵਾਰਕ ਮੈਂਬਰਾਂ ਹੱਥੋਂ ਜਿਣਸੀ ਜ਼ਬਰ ਜਿਨਾਹ ਦਾ ਸ਼ਿਕਾਰ ਹੋਣਾ ਪਿਆ।

• ਇਹ ਕੁਕਰਮ ਕਰਨ ਵਾਲ਼ਿਆਂ 'ਚ 35 ਫੀਸਦੀ ਜਾਂ ਤਾਂ ਬੱਚੀਆਂ ਦੇ ਪਿਤਾ ਸਨ ਜਾਂ ਦਾਦਾ ਅਤੇ ਜਾਂ ਨਜ਼ਦੀਕੀ ਪਰਿਵਾਰਕ ਮਿੱਤਰ।

600 ਔਰਤਾਂ ਤੋਂ ਕੀਤੀ ਗਈ ਪੁਛਗਿੱਛ ਦੌਰਾਨ ਸਾਹਮਣੇ ਆਇਆ ਕਿ —

• 76 ਫੀਸਦੀ ਨੂੰ ਬਚਪਨ 'ਚ ਜਾਂ ਕਿਸ਼ੋਰ ਉਮਰ 'ਚ ਜਿਣਸੀ ਜ਼ਬਰ ਜਿਨਾਹ ਦਾ ਸ਼ਿਕਾਰ ਹੋਣਾ ਪਿਆ ਸੀ।

ਇਹ ਕੁਕਰਮ ਕਰਨ ਵਾਲ਼ਿਆਂ 'ਚ —

• 42 ਫੀਸਦੀ ਅੰਕਲ ਜਾਂ ਕਜ਼ਨ ਸਨ।

• 4 ਫੀਸਦੀ ਪਿਤਾ ਜਾਂ ਭਰਾ ਸਨ।

***

ਸਮਾਜਕ ਮਸਲੇ

ਲੋਕਾਂ ਦੀ **ਹੱਡ-ਭੰਨਵੀਂ ਮਿਹਨਤ** ਤੋਂ ਕਮਾਏ **ਅਰਬਾਂ ਰੁਪਏ** **ਜੰਗੀ ਜਹਾਜ਼ਾਂ** ਦੀ ਖਰੀਦਦਾਰੀ ਉੱਪਰ **ਰੋੜ੍ਹਣ** ਦੀ ਤਿਆਰੀ

• ਰਾਜਵਿੰਦਰ

ਭਾਰਤ ਸਰਕਾਰ ਵੱਲੋਂ ਦੇਸ਼ ਦੇ ਸੁਰੱਖਿਆ ਢਾਂਚੇ ਨੂੰ "ਮਜ਼ਬੂਤ" ਕਰਨ ਲਈ ਆਧੁਨਿਕ ਜੰਗੀ ਜਹਾਜ਼ ਖ੍ਰੀਦਣ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਕਿਹਾ ਜਾ ਰਿਹਾ ਹੈ ਕਿ ਇਸ ਨਾਲ਼ ਭਾਰਤੀ ਹਵਾਈ ਫੌਜ ਹੋਰ ਵੱਧ ਮਜ਼ਬੂਤ ਹੋ ਜਾਵੇਗੀ। ਪਹਿਲਾਂ ਇਹ ਸਮਝੌਤਾ ਫ਼ਰਾਂਸ ਨਾਲ਼ ਹੋਇਆ ਸੀ। ਇਸ ਉੱਪਰ ਅਰਬਾਂ ਰੁਪਏ ਖਰਚ ਕੀਤੇ ਜਾਣੇ ਹਨ। ਹੁਣ ਸਰਕਾਰ ਇਸ ਸਮਝੌਤੇ ਉੱਪਰ ਨਜ਼ਰਸਾਨੀ ਕਰਕੇ ਬ੍ਰਿਟੇਨ ਜਾਂ ਕਿਸੇ ਹੋਰ ਦੇਸ਼ ਤੋਂ ਇਹ ਜਹਾਜ਼ ਖ੍ਰੀਦੇਗੀ। ਪਰ ਸਵਾਲ ਇਹ ਹੈ ਕਿ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਆਖ਼ਿਰ ਕਿਸ ਤੋਂ ਹੈ ਅਤੇ ਏਨਾ ਸਾਰਾ ਪੈਸਾ ਆਖ਼ਿਰ ਕਿੱਥੋਂ ਆਵੇਗਾ ? ਇਸ ਦੇ ਜੁਆਬ ਵਿੱਚ ਕੋਈ ਕਿਸੇ ਗੁਆਂਢੀ ਦੇਸ਼ ਤੋਂ ਖ਼ਤਰੇ ਦੀ ਗੱਲ ਕਹਿ ਸਕਦਾ ਹੈ, ਇਸ ਲਈ ਦੇਸ਼ ਦੀ ਸੁਰੱਖਿਆ ਖਾਤਰ ਫੌਜ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ ਇਸ ਲਈ ਦੇਸ਼ ਦੇ ਖਜ਼ਾਨੇ ਵਿੱਚੋਂ ਇਹ ਖਰਚ ਕਰਨਾ ਜਾਇਜ ਹੈ।

ਗੱਲ ਤਾਂ ਠੀਕ ਹੈ ਪਰ ਜਦੋਂ ਅਸੀਂ ਦੇਸ਼ ਦੇ ਖਜਾਨੇ ਬਾਰੇ ਸੋਚਦੇ ਹਾਂ ਕਿ ਦੇਸ਼ ਦਾ ਖਜਾਨਾ ਕਿਵੇਂ ਭਰਦਾ ਹੈ ਤਾਂ ਪਤਾ ਲੱਗਦਾ ਹੈ ਕਿ ਲੋਕਾਂ ਤੋਂ ਇਕੱਠੇ ਕੀਤੇ ਜਾਂਦੇ ਟੈਕਸਾਂ ਨਾਲ਼ ਇਹ ਖਜਾਨਾ ਭਰਦਾ ਹੈ ਜਿਸ ਵਿੱਚ ਵੱਡਾ ਯੋਗਦਾਨ ਰੋਜਾਨਾਂ ਇਸਤੇਮਾਲ ਦੀਆਂ ਚੀਜ਼ਾਂ ਉੱਪਰ ਲੱਗੇ ਟੈਕਸਾਂ ਦਾ ਹੁੰਦਾ ਹੈ ਜਿਸ ਨੂੰ ਦੇਸ਼ ਦੀ ਬਹੁਗਿਣਤੀ ਕਿਰਤੀ ਵਸੋਂ ਅਦਾ ਕਰਦੀ ਹੈ। ਇਸ ਲਈ ਲੋਕਾਂ ਦਾ ਹੱਕ ਬਣਦਾ ਹੈ ਕਿ ਸਰਕਾਰ ਲੋਕਾਂ ਲਈ ਰੁਜ਼ਗਾਰ ਯਕੀਨੀ ਬਣਾਏ, ਮੁਫ਼ਤ ਸਿਹਤ ਅਤੇ ਸਿੱਖਿਆ ਸਹੂਲਤਾਂ ਦੇਵੇ, ਰਹਿਣ ਲਈ ਘਰਾਂ ਦਾ ਬੰਦੋਬਸਤ ਕਰੇ। ਪਰ ਸਾਡੇ ਦੇਸ਼ ਦੀ ਅਸਲੀ ਤਸਵੀਰ ਜੋ ਕਿ ਕਦੇ ਮੀਡੀਆ ਦੀਆਂ ਸੁਰਖੀਆਂ ਨਹੀਂ ਬਣਦੀ ਉਹ ਤਾਂ ਕੁਝ ਹੋਰ ਕਹਿੰਦੀ ਹੈ ਅਤੇ ਇਸ ਹੋਣ ਵਾਲ਼ੇ ਸਮਝੌਤੇ ਉੱਪਰ ਵੀ ਪ੍ਰਸ਼ਨਚਿੰਨ੍ਹ ਲਗਾਉਂਦੀ ਹੈ।

ਸਾਡੇ ਦੇਸ਼ ਦੀ ਕਿਰਤੀ ਲੋਕਾਈ ਜੋ ਵੱਡੇ ਟੈਕਸ ਅਦਾ ਕਰਕੇ ਅਤੇ ਆਪਣੀ ਮਿਹਨਤ ਕੌਡੀਆਂ ਦੇ ਭਾਅ ਵੇਚ ਕੇ ਉੱਪਰਲਿਆਂ ਦਾ ਢਿੱਡ ਭਰਦੀ ਹੈ ਅਤੇ ਖੁਦ ਭੁੱਖੀ ਮਰਦੀ ਹੈ। ਇੱਕ ਪਾਸੇ ਤਾਂ ਦੇਸ਼ ਦੀ ਤਰੱਕੀ ਦਾ ਰੌਲ਼ਾ ਪੈ ਰਿਹਾ ਹੈ, ਦੂਜੇ ਪਾਸੇ ਲੋਕਾਂ ਦੀ ਸਿਹਤ, ਜੀਵਨ ਪੱਧਰ ਲਗਾਤਾਰ ਹੇਠਾਂ ਡਿੱਗ ਰਿਹਾ ਹੈ। 2007 ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਸੂਚਕ ਅੰਕ ਅਨੁਸਾਰ ਭਾਰਤ 124 ਤੋਂ 127ਵੇਂ ਥਾਂ ਉੱਪਰ ਆ ਗਿਆ ਹੈ। 77 ਫੀਸਦੀ ਆਬਾਦੀ ਰੋਜ਼ਾਨਾ 20 ਰੁ. ਤੋਂ ਘੱਟ 'ਤੇ ਗੁਜ਼ਾਰਾ ਕਰਦੀ ਹੈ। 9000 ਬੱਚਿਆਂ ਦਾ ਕੁਪੋਸ਼ਣ ਕਾਰਨ ਰੋਜ਼ਾਨਾ ਮਰਨਾ, ਲੱਖਾਂ ਲੋਕਾਂ ਦਾ ਟੀ. ਬੀ. ਅਤੇ ਡਾਇਰੀਏ ਆਦਿ ਜਿਹੀਆਂ ਬਿਮਾਰੀਆਂ - ਜੋ ਭੋਜਨ ਦੀ ਕਮੀ ਅਤੇ ਸਾਫ਼ ਪੀਣ ਵਾਲ਼ਾ ਪਾਣੀ ਨਾ ਮਿਲਣ ਕਾਰਨ ਹੁੰਦੀਆਂ ਹਨ - ਨਾਲ ਮਰਨਾ, 35 ਕਰੋੜ ਬੇਘਰੇ ਅਤੇ ਲਗਭਗ ਏਨਿਆਂ ਦਾ ਹੀ ਰਾਤੀਂ ਭੁੱਖਿਆ ਸੌਣਾ, ਨੌਜਵਾਨਾਂ ਦਾ ਡਿਗਰੀਆਂ ਲੈ ਕੇ ਸੜਕਾਂ ਦੀ ਧੂੜ ਫੱਕਦੇ ਫਿਰਨਾ ਅਤੇ ਪੁਲਿਸ ਤੋਂ ਡਾਂਗਾਂ ਖਾਣੀਆਂ, ਕੰਮ ਮਿਲਣ ਤੇ ਲੋੜਾਂ ਪੂਰੀਆਂ ਕਰਨ ਜੋਗੇ ਪੈਸੇ ਨਾ ਮਿਲਣਾ, ਲੱਕ ਤੋੜ ਮਹਿੰਗਾਈ, ਗਰੀਬਾਂ ਨਾਲ਼ ਵਧਦੀ ਬੇਇਨਸਾਫ਼ੀ, ਲੋਕਾਂ ਦੇ ਜਮਹੂਰੀ ਹੱਕਾਂ 'ਤੇ ਨਿੱਤ ਪੈਂਦੇ ਡਾਕੇ - ਕੀ ਲੋਕ ਇਸ ਨੂੰ ਇਸੇ ਹੀ ਤਰ੍ਹਾਂ ਬਰਦਾਸ਼ਤ ਕਰਦੇ ਰਹਿਣਗੇ ? ਨਹੀਂ, ਇਹ ਕਦੇ ਵੀ ਨਹੀਂ ਹੋਵੇਗਾ ਅਤੇ ਨਾ ਹੀ ਇਤਿਹਾਸ ਵਿੱਚ ਕਦੇ ਹੋਇਆ ਸੀ। ਲਾਜ਼ਮੀ ਤੌਰ 'ਤੇ ਇਸ ਦੇਸ਼ ਦੇ ਨੌਜਵਾਨ ਅਤੇ ਕਿਰਤੀ ਲੋਕ ਇਸ ਲੁਟੇਰੇ ਢਾਂਚੇ ਦੇ ਖਿਲਾਫ਼ ਉੱਠ ਖੜ੍ਹੇ ਹੋਣਗੇ। ਇਸ ਲਈ ਕੁਝ ਸੁਝਾਅ, ਨੁਸਖੇ ਇਸ ਪ੍ਰਬੰਧ ਨੂੰ ਬਚਾਉਣ ਲਈ ਹੁਕਮਰਾਨ ਕਰਦੇ ਰਹਿੰਦੇ ਹਨ। ਲੋਕਾਂ ਦਾ ਜੀਵਨਪੱਧਰ ਉੱਪਰ ਚੁੱਕਣ ਲਈ ਕੁਝ ਯੋਜਨਾਵਾਂ ਪਾਸ ਹੁੰਦੀਆਂ ਹਨ। ਪਰ ਜਿਸ ਟੁੱਟੇ ਹੋਏ ਠੂਠੇ ਵਿੱਚ ਇਹ ਖੈਰਤ ਲੋਕਾਂ ਨੂੰ ਵੰਡੀ ਜਾਂਦੀ ਹੈ ਉਹ ਲੋਕਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਪਾਉਣ ਵਾਲ਼ਿਆਂ ਅਤੇ ਵਰਤਾਉਣ ਵਾਲ਼ਿਆਂ ਦੇ ਭਾਂਡਿਆਂ ਵਿੱਚ ਰਿਸ ਜਾਂਦੀ ਹੈ। ਲੋਕਾਂ ਦਾ ਗੁੱਸਾ ਬਰਕਰਾਰ ਰਹਿੰਦਾ ਹੈ। ਹੁਕਮਰਾਨ ਇਸ ਤੋਂ ਤਹ੍ਰਿਦੇ ਹਨ, ਇਸ ਲਈ ਲੋਕਾਂ ਦੀ ਅਵਾਜ਼ ਨੂੰ ਸ਼ਾਂਤ ਕਰਨ ਲਈ ਨਵੀਆਂ ਜੇਲ੍ਹਾਂ, ਪੁਲਿਸ ਅਤੇ ਅਰਧ-ਸੈਨਿਕ ਬਲਾਂ ਦੀ ਭਰਤੀ, ਹਥਿਆਰਾਂ 'ਤੇ ਵਧਦਾ ਖਰਚਾ, ਪਹਿਲਾਂ ਤੋਂ ਵੱਧ ਸਖ਼ਤ ਕਾਲ਼ੇ ਕਾਨੂੰਨ ਜੋ ਸਰਮਾਏਦਾਰਾ ਜਮਹੂਰੀਅਤ ਦੀ ਅਸਲੀ ਤਸਵੀਰ ਹੈ। ਸਾਰੇ ਫੌਜੀ ਸਾਜੋ-ਸਾਮਾਨ ਦੀ ਨੁਮਾਇਸ਼ ਸਿਰਫ਼ ਬਾਹਰਲੇ ਮੁਲਕਾਂ ਨੂੰ ਆਪਣੀ ਤਾਕਤ ਵਿਖਾਉਣ ਲਈ ਨਹੀਂ ਸਗੋਂ ਅਸਲ ਵਿੱਚ ਦੇਸ਼ ਦੇ ਲੋਕਾਂ ਅੰਦਰ ਡਰ ਪੈਦਾ ਕਰਨ ਲਈ ਵੀ ਹੁੰਦੀ ਹੈ, ਤਾਂ ਕਿ ਉਹ ਲੁੱਟ, ਗਰੀਬੀ, ਬੇਰੁਜ਼ਗਾਰੀ, ਬੇਇਨਸਾਫ਼ੀ ਵਿਰੁੱਧ ਅਵਾਜ਼ ਨਾ ਬੁਲੰਦ ਕਰ ਸਕਣ। •


ਸ਼ਰਧਾਂਜਲੀ

ਰਾਮ ਸ਼ਰਨ ਸ਼ਰਮਾ (1920-2011)

ਲੋਕਾਂ ਦਾ ਇਤਿਹਾਸਕਾਰ

• ਅਭਿਨਵ

ਪ੍ਰੋ.ਫੈਸਰ ਰਾਮ ਸ਼ਰਨ ਸ਼ਰਮਾ 20 ਅਗਸਤ 2011 ਨੂੰ ਸਾਡੇ ਵਿੱਚੋਂ ਚੱਲ ਵੱਸੇ। ਸਮਾਜ ਵਿਗਿਆਨ ਦੇ ਵਿਦਿਆਰਥੀ ਅਤੇ ਅਧਿਆਪਕ ਹੀ ਨਹੀਂ, ਸਗੋਂ ਪੂਰਾ ਅਕੈਡਮਿਕ ਸੰਸਾਰ ਇਸ ਗੱਲ ਨੂੰ ਸਮਝ ਰਿਹਾ ਹੈ ਕਿ ਪ੍ਰੋ.ਫੈਸਰ ਸ਼ਰਮਾ ਦੇ ਨਾ ਰਹਿਣ ਦਾ ਕੀ ਮਤਲਬ ਹੈ। ਅੱਜ ਪੁਰਾਤਨ ਭਾਰਤ ਬਾਰੇ ਸਾਡੀ ਜੋ ਵੀ ਸਮਝ ਹੈ ਉਸ ਨੂੰ ਬਣਾਉਣ 'ਚ ਉਨ੍ਹਾਂ ਦਾ ਵੱਡਮੁੱਲਾ ਯੋਗਦਾਨ ਸੀ। ਡੀ. ਡੀ. ਕੋਸਾਂਬੀ ਅਤੇ ਰਾਮ ਸ਼ਰਨ ਸ਼ਰਮਾ ਦੋ ਅਜਿਹੇ ਨਾਂ ਹਨ ਜਿੰਨ੍ਹਾਂ ਨੇ ਭਾਰਤ ਦੇ ਇਤਿਹਾਸ ਨੂੰ ਕੇਵਲ ਘਟਨਾਵਾਂ ਦੇ ਵੇਰਵੇ, ਕਹਾਣੀ-ਕਲਪਨਾ, ਰਾਜਿਆਂ ਦਾ ਕ੍ਰਮ ਮਿੱਥਣ, ਦਰਬਾਰੀ-ਲੇਖਣੀ ਅਤੇ ਸਾਮਰਾਜਵਾਦੀਆਂ ਦੇ ਪ੍ਰਚਾਰ ਅਤੇ ਉਹ ਦੇ ਵਿਰੁੱਧ ਕੀਤੇ ਗਏ ਕੌਮਵਾਦੀਆਂ ਦੇ ਪ੍ਰਤੀ-ਪ੍ਰਚਾਰ ਤੋਂ ਉਤਾਂਹ ਚੁੱਕ ਕੇ ਤੱਥਾਂ ਅਤੇ ਵਿਗਿਆਨਕ ਵਿਸ਼ਲੇਸ਼ਣ ਦੀ ਦੁਨੀਆਂ ਵਿੱਚ ਪਹੁੰਚਾ ਦਿੱਤਾ ਹੈ। ਅੱਜ ਮਾਰਕਸਵਾਦੀ ਇਤਿਹਾਸ-ਲੇਖਣੀ ਉੱਤੇ ਫਿਰਕੂ ਤਾਕਤਾਂ ਇਸ ਗੱਲ ਨੂੰ ਲੈ ਕੇ ਧਾਵਾ ਬੋਲਦੀਆਂ ਹਨ ਕਿ ਅਕੈਡਮਿਕ ਸੰਸਾਰ ਉੱਤੇ ਉਨ੍ਹਾਂ ਦਾ ਕਬਜ਼ਾ ਹੋ ਗਿਆ ਹੈ (ਜਦੋਂ ਕਿ, ਇਹ ਗੱਲ ਸੱਚ ਤੋਂ ਕਾਫ਼ੀ ਪਰ੍ਹੇ ਹੈ)। ਪਰ 1950 ਦੇ ਦਹਾਕੇ ਵਿੱਚ ਇਤਿਹਾਸ ਲਿਖਣਾ ਇੱਕ ਇਨਕਲਾਬੀ ਕੰਮ ਸੀ, ਖਾਸ ਕਰਕੇ ਮਾਰਕਸਵਾਦ ਨੂੰ ਮੁਰਦਾ ਸੂਤਰਾਂ ਦੇ ਢਾਂਚੇ ਦੇ ਰੂਪ ਵਿੱਚ ਨਹੀਂ, ਸਗੋਂ ਵਿਸ਼ਲੇਸ਼ਣ ਦੀ ਇੱਕ ਪਹੁੰਚ ਅਤੇ ਤਰੀਕੇ ਦੇ ਰੂਪ ਵਿੱਚ ਲਾਗੂ ਕੀਤਾ। ਇਨ੍ਹਾਂ ਮਾਅਨਿਆਂ 'ਚ ਦਾਮੋਦਰ ਧਰਮਾਨੰਦ ਕੋਸਾਂਬੀ ਤੋਂ ਬਾਅਦ ਜੇ ਕਿਸੇ ਵਿਅਕਤੀ ਦਾ ਨਾਂ ਆਉਂਦਾ ਹੈ, ਤਾਂ ਉਹ ਬਿਨਾਂ ਕਿਸੇ ਸ਼ੱਕ-ਵਿਵਾਦ ਦੇ ਰਾਮ ਸ਼ਰਨ ਸ਼ਰਮਾ ਦਾ ਨਾਂ ਹੀ ਹੈ।



ਰਾਮ ਸ਼ਰਨ ਸ਼ਰਮਾ ਦਾ ਜਨਮ 1 ਸਤੰਬਰ 1920 ਨੂੰ ਬਿਹਾਰ ਦੇ ਬਰੌਨੀ ਜ਼ਿਲ੍ਹੇ ਦੇ ਪਿੰਡ ਦੇ ਇੱਕ ਗਰੀਬ ਪਰਿਵਾਰ ਵਿੱਚ ਹੋਇਆ। ਪ੍ਰੋ.ਫੈਸਰ ਸ਼ਰਮਾ ਨੇ ਆਪਣੀ ਮੁੱਢਲੀ ਸਕੂਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਅੱਗੇ ਦੀ ਸਕੂਲੀ ਸਿੱਖਿਆ ਉਨ੍ਹਾਂ ਨੇ ਬੇਗੂਸਰਾਇ ਤੋਂ ਪ੍ਰਾਪਤ ਕੀਤੀ। 1937 ਵਿੱਚ ਗ੍ਰੈਜੂਏਸ਼ਨ ਦੀ ਪੜ੍ਹਾਈ ਲਈ ਉਨ੍ਹਾਂ ਨੇ ਪਟਨਾ ਦੇ ਪ੍ਰਸਿੱਧ ਪਟਨਾ ਕਾਲਜ ਵਿੱਚ ਦਾਖ਼ਲਾ ਲਿਆ। 1943 ਵਿੱਚ ਉਨ੍ਹਾਂ ਨੇ ਉੱਥੋਂ ਹੀ ਪੁਰਾਤਨ ਭਾਰਤੀ ਇਤਿਹਾਸ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ। ਇਸ ਤੋਂ ਬਾਅਦ ਉਨ੍ਹਾਂ ਅਧਿਆਪਕ ਵਜੋਂ ਕੰਮ ਕੀਤਾ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਗਰਾ ਦੇ ਐੱਚ. ਡੀ. ਕਾਲਜ ਵਿੱਚ ਪੜ੍ਹਾਇਆ ਅਤੇ ਬਾਅਦ ਵਿੱਚ ਟੀ. ਐਨ. ਬੀ. ਕਾਲਜ, ਭਾਗਲਪੁਰ 'ਚ। ਪਰ 1946 ਵਿੱਚ ਉਹ ਪਟਨਾ ਯੂਨੀਵਰਸਿਟੀ ਇਤਿਹਾਸ ਵਿਭਾਗ ਦੇ ਅਧਿਆਪਕ ਲੱਗ ਗਏ। ਇਸੇ ਸਮੇਂ ਹੀ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪੱਛਮੀ ਬੰਗਾਲ ਅਤੇ ਬਿਹਾਰ ਦੀ ਵੰਡ ਲਈ ਹੱਦ ਮਿੱਥਣ ਲਈ ਚੁਣਿਆ। ਉਨ੍ਹਾਂ ਦੀ ਅਗਵਾਈ ਵਿੱਚ ਬਣੀ ਕਮੇਟੀ ਦੀ ਰਿਪੋਰਟ ਦੇ ਅਧਾਰ 'ਤੇ ਹੀ ਪੱਛਮੀ ਬੰਗਾਲ ਅਤੇ ਬਿਹਾਰ ਦੀ ਹੱਦਬੰਦੀ ਹੋਈ। 1972 ਤੱਕ ਸ਼ਰਮਾ ਜੀ ਪਟਨਾ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਮੁਖੀ ਰਹੇ। ਉਸੇ ਸਾਲ ਹੀ ਭਾਰਤੀ ਇਤਿਹਾਸ ਖੋਜ ਪ੍ਰੀਸ਼ਦ ਦੀ ਸਥਾਪਨਾ ਹੋਈ ਅਤੇ ਉਹ ਉਸ ਦੇ ਮੋਢੀ ਮੁਖੀ ਚੁਣੇ ਗਏ। 1973 ਵਿੱਚ ਉਨ੍ਹਾਂ ਨੂੰ ਦਿੱਲੀ ਯੂਨੀਵਰਸਿਟੀ ਨੇ ਆਪਣੇ ਇਤਿਹਾਸ ਵਿਭਾਗ ਦੀ ਅਗਵਾਈ ਲਈ ਸੱਦਿਆ, ਜਿਸ ਨੂੰ ਉਨ੍ਹਾਂ ਸਿਰ-ਮੱਥੇ ਪ੍ਰਵਾਨ ਕੀਤਾ ਅਤੇ ਫਿਰ 1985 ਤੱਕ ਉਹ ਦਿੱਲੀ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਦੇ ਮੁਖੀ ਰਹੇ। ਇਸ ਤੋਂ ਪਹਿਲਾਂ ਅਧਿਆਪਕ ਦੇ ਤੌਰ 'ਤੇ ਕੰਮ ਕਰਨ ਦੌਰਾਨ ਹੀ 1958 ਵਿੱਚ ਉਨ੍ਹਾਂ ਨੇ ਲੰਡਨ ਯੂਨੀਵਰਸਿਟੀ ਦੇ ਸਕੂਲ ਆਫ਼ ਓਰੀਐਂਟਲ ਐਂਡ ਅਫ਼ਰੀਕਨ ਸਟੱਡੀਜ਼ ਤੋਂ ਆਪਣਾ ਪੋਸਟ ਡੌਕਟੋਰੇਲ ਖੋਜ ਕਾਰਜ ਪੂਰਾ ਕੀਤਾ ਜਿਹੜਾ ਉਸੇ ਸਾਲ **'ਸ਼ੂਦਰਾਜ਼ ਇਨ ਐਨਸ਼ਿਅੰਟ ਇੰਡੀਆ'** ਨਾਂ ਨਾਲ਼ ਪ੍ਰਕਾਸ਼ਿਤ ਹੋਇਆ ਅਤੇ ਜਿਹੜਾ ਅੱਜ ਵੀ ਭਾਰਤ ਦੇ ਸ਼ੂਦਰਾਂ ਦੇ ਇਤਿਹਾਸ 'ਤੇ ਸਭ ਤੋਂ ਬੇਹਤਰੀਨ ਕ੍ਰਿਤਾਂ ਵਿੱਚੋਂ ਇੱਕ ਹੈ। ਇਸ ਨੂੰ ਹਿੰਦੀ ਵਿੱਚ 'ਸ਼ੂਦਰੋਂ ਕਾ ਪ੍ਰਾਚੀਨ ਇਤਿਹਾਸ' ਦੇ ਨਾਂ ਨਾਲ਼ ਛਾਪਿਆ ਗਿਆ। 1985 ਵਿੱਚ ਉਹ ਰਿਟਾਇਰ ਹੋ ਗਏ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਕੁੱਲਵਕਤੀ ਤੌਰ 'ਤੇ ਇਤਿਹਾਸ ਲਿਖਣ ਦਾ ਕੰਮ ਸ਼ੁਰੂ ਕੀਤਾ।

ਪ੍ਰੋ.ਫੈਸਰ ਸ਼ਰਮਾ ਨੇ ਜਿਹੜੀ ਵੀ ਯੂਨੀਵਰਸਿਟੀ ਵਿੱਚ ਪੜ੍ਹਾਉਣ ਦਾ ਕੰਮ ਕੀਤਾ, ਉੱਥੇ ਉਨ੍ਹਾਂ ਨੇ ਇਤਿਹਾਸਕਾਰਾਂ ਦੀ ਇੱਕ ਪੂਰੀ ਪੀੜ੍ਹੀ ਤਿਆਰ ਕਰ ਦਿੱਤੀ। ਅੱਜ ਡੀ. ਐਨ. ਝਾਅ, ਕੇ. ਐਮ. ਸ਼੍ਰੀਮਾਲੀ, ਕੇਸਵਨ ਬੇਲੂਥਾਟ, ਰੋਮਿਲਾ ਥਾਪਰ ਆਦਿ ਵਰਗੇ ਪੁਰਾਤਨ ਭਾਰਤ ਦੇ ਜਿਹੜੇ ਸ਼ਾਨਦਾਰ ਇਤਿਹਾਸਕਾਰਾਂ ਨੂੰ ਅਸੀਂ ਜਾਣਦੇ ਹਾਂ ਉਹ ਸਾਰੇ ਜਾਂ ਤਾਂ ਪ੍ਰੋ.ਫੈਸਰ ਸ਼ਰਮਾ ਦੇ ਵਿਦਿਆਰਥੀ ਰਹੇ ਹਨ, ਜਾਂ ਫਿਰ

ਆਪਣੇ ਅਕੈਡਮਿਕ ਕੈਰੀਅਰ ਦੇ ਕਿਸੇ ਨਾ ਕਿਸੇ ਮੋੜ 'ਤੇ ਉਨ੍ਹਾਂ ਨੇ ਉਨ੍ਹਾਂ ਦਾ ਰਾਹ-ਦਰਸਾਵਾ ਕੀਤਾ ਹੈ। ਦਿੱਲੀ ਅਤੇ ਪਟਨਾ ਦੀਆਂ ਯੂਨੀਵਰਸਿਟੀਆਂ ਵਿੱਚ ਨਾ ਸਿਰਫ਼ ਨਵੇਂ ਇਤਿਹਾਸਕਾਰਾਂ ਨੂੰ ਤਿਆਰ ਕੀਤਾ ਜਿਹੜੇ ਵਿਗਿਆਨਕ ਇਤਿਹਾਸ ਲੇਖਣੀ ਨੂੰ ਪ੍ਰਵਾਨ ਕਰਦੇ ਹਨ, ਸਗੋਂ ਉਨ੍ਹਾਂ ਨੇ ਪੂਰੇ ਸਿਲੇਬਸ ਨੂੰ ਇੱਕ ਵਿਗਿਆਨਕ ਅਤੇ ਤਾਰਕਿਕ ਰੂਪ ਦਿੱਤਾ। ਬਸਤੀਵਾਦੀ ਦੌਰ ਦੇ ਇਤਿਹਾਸ ਦਾ ਜੋ ਸਿਲੇਬਸ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਚੱਲਦਾ ਆ ਰਿਹਾ ਸੀ, ਉਸ ਨੂੰ ਪ੍ਰੋਫ਼ੈਸਰ ਸ਼ਰਮਾ ਨੇ ਖ਼ਤਮ ਕੀਤਾ ਅਤੇ ਨਾਲ਼ ਹੀ ਕੌਮਵਾਦੀ ਇਤਿਹਾਸ ਲੇਖਣੀ ਦੇ ਅਸਰ ਨੂੰ ਵੀ ਬੇਅਸਰ ਕਰਦੇ ਹੋਏ ਸਹੀ ਮਾਅਨਿਆਂ ਵਿੱਚ ਤੱਥਾਂ ਅਤੇ ਉਨ੍ਹਾਂ ਦੇ ਵਿਗਿਆਨਕ ਵਿਸ਼ਲੇਸ਼ਣ 'ਤੇ ਅਧਾਰਿਤ ਇਤਿਹਾਸ ਦਾ ਸਿਲੇਬਸ ਤਿਆਰ ਕੀਤਾ। ਉਸ ਤੋਂ ਬਾਅਦ ਸਾਰੇ ਦੇਸ਼ ਦੀਆਂ ਯੂਨੀਵਰਸਿਟੀਆਂ ਦੇ ਇਤਿਹਾਸਕਾਰਾਂ ਨੇ ਉਨ੍ਹਾਂ ਦੇ ਬਣਾਏ ਸਿਲੇਬਸ ਤੋਂ ਪ੍ਰਭਾਵਿਤ ਹੋ ਕੇ ਨਵੇਂ ਸਿਲੇਬਸ ਤਿਆਰ ਕੀਤੇ। ਇਸ ਤਰ੍ਹਾਂ ਨਾ ਸਿਰਫ਼ ਉਹ ਪੀੜ੍ਹੀ ਦੇ ਉਸਰੱਈਏ ਸਨ, ਸਗੋਂ ਉਨ੍ਹਾਂ ਨੇ ਉਹ ਪੈਮਾਨੇ ਅਤੇ ਮਾਪਦੰਡ ਸਥਾਪਤ ਕੀਤੇ ਜਿਨ੍ਹਾਂ ਦੇ ਅਧਾਰ 'ਤੇ ਅੱਜ ਪੂਰੇ ਦੇਸ਼ ਵਿੱਚ ਇਤਿਹਾਸ ਪੜ੍ਹਾਇਆ ਜਾਂਦਾ ਹੈ।

ਪਰ ਇਸ ਤੋਂ ਕੋਈ ਇਹ ਨਾ ਸਮਝੇ ਕਿ ਪ੍ਰੋਫ਼ੈਸਰ ਸ਼ਰਮਾ ਅਕੈਡਮਿਕ ਕਮਰਿਆਂ ਵਿੱਚ ਕੈਦ ਰਹਿਣ ਵਾਲ਼ੇ ਇਤਿਹਾਸਕਾਰ ਸਨ। ਪਟਨਾ ਯੂਨੀਵਰਸਿਟੀ ਅਤੇ ਉਸ ਤੋਂ ਬਾਅਦ ਦਿੱਲੀ ਯੂਨੀਵਰਸਿਟੀ ਵਿੱਚ ਲਗਾਤਾਰ ਉਹ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੇ ਜੀਵੰਤ ਸੰਪਰਕ ਵਿੱਚ ਰਹਿੰਦੇ ਸਨ। ਯੂਨੀਵਰਸਿਟੀ ਪ੍ਰਸ਼ਾਸ਼ਨ ਨਾਲ਼ ਟੱਕਰ ਦੀ ਹਾਲਤ ਵਿੱਚ ਉਹ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਨੂੰ ਲੈ ਕੇ ਅਕਸਰ ਪ੍ਰਸ਼ਾਸ਼ਨ ਨਾਲ਼ ਗੱਲ-ਬਾਤ ਵਿੱਚ ਹਿੱਸਾ ਲੈਂਦੇ ਸਨ। ਪ੍ਰੋਫ਼ੈਸਰ ਡੀ. ਐਨ. ਝਾਅ ਉਨ੍ਹਾਂ ਬਾਰੇ ਯਾਦ ਕਰਦੇ ਹੋਏ ਦੋ ਕਿੱਸੇ ਦੱਸਦੇ ਹਨ। ਉਨ੍ਹਾਂ ਨੂੰ ਅਕਸਰ ਦਿੱਲੀ ਯੂਨੀਵਰਸਿਟੀ ਦੇ ਕਲਾ ਵਿਭਾਗ ਦੇ ਲਾਅਨ ਵਿੱਚ ਕਰਮਚਾਰੀਆਂ ਨਾਲ਼ ਗੱਲ-ਬਾਤ ਕਰਦੇ ਵੇਖਿਆ ਜਾ ਸਕਦਾ ਸੀ। ਕਰਮਚਾਰੀ ਆਪਣੇ ਦੁੱਖ-ਦਰਦ ਵੰਡਾਉਣ ਵਾਸਤੇ ਅਕਸਰ ਉਨ੍ਹਾਂ ਕੋਲ਼ ਆਇਆ ਕਰਦੇ ਸਨ। ਇਸ ਤੋਂ ਇਲਾਵਾ ਜਦੋਂ ਉਹ ਦਿੱਲੀ ਦੇ ਇੱਕ ਹਸਪਤਾਲ ਵਿੱਚ ਦਾਖਲ ਸਨ ਤਾਂ ਉੱਥੇ ਕੰਮ ਕਰਨ ਵਾਲ਼ੇ ਕੁਝ ਉਸਾਰੀ-ਮਜ਼ਦੂਰ ਉਨ੍ਹਾਂ ਨੂੰ ਮਿਲਣ ਆਏ। ਜਦੋਂ ਉਹ ਚਲੇ ਗਏ ਤਾਂ ਪ੍ਰੋਫ਼ੈਸਰ ਝਾਅ ਨੇ ਉਨ੍ਹਾਂ ਤੋਂ ਪੁੱਛਿਆ ਕਿ ਉਹ ਇੱਥੇ ਕਿਵੇਂ ਆਏ ਸਨ, ਤਾਂ ਸ਼ਰਮਾ ਜੀ ਨੇ ਦੱਸਿਆ ਕਿ ਉਨ੍ਹਾਂ ਨੂੰ ਪਤਾ ਲੱਗਿਆ ਸੀ ਕਿ ਕੋਈ ਸ਼ਰਮਾ ਜੀ ਹਸਪਤਾਲ ਵਿੱਚ ਦਾਖ਼ਲ ਹਨ ਜੋ ਗਰੀਬਾਂ ਦੀਆਂ ਮੁਸ਼ਕਲਾਂ ਬਾਰੇ ਸੋਚਦੇ ਅਤੇ ਕੰਮ ਕਰਦੇ ਹਨ, ਇਸ ਲਈ ਉਹ ਮਿਲਣ ਆ ਗਏ। ਉਨ੍ਹਾਂ ਦੇ ਅਜਿਹੇ ਸੁਭਾਅ ਦਾ ਕਾਰਨ ਇਹ ਸੀ ਕਿ ਆਪਣੀ ਸ਼ੁਰੂ ਦੀ ਜ਼ਿੰਦਗੀ ਵਿੱਚ ਉਨ੍ਹਾਂ ਦੀ ਕਿਸਾਨ ਘੋਲ਼ਾਂ ਅਤੇ ਉਨ੍ਹਾਂ ਦੇ ਆਗੂਆਂ ਨਾਲ਼ ਕਾਫ਼ੀ ਨੇੜਤਾ ਰਹੀ ਸੀ। ਭਾਰਤ ਦੇ ਮਸ਼ਹੂਰ ਇਤਿਹਾਸਕਾਰਾਂ ਨੂੰ ਪਹਿਲੀ ਵਾਰ **ਰਾਹੁਲ ਸੰਕਰਾਤਾਯਾਯਨ** ਅਤੇ ਉਹਨਾਂ ਦੀ ਲੇਖਣੀ ਦੇ ਮਹੱਤਵ ਤੋਂ ਸ਼ਰਮਾ ਜੀ ਨੇ ਹੀ ਜਾਣੂ ਕਰਵਾਇਆ। ਉਹ ਰਾਹੁਲ ਸੰਕਰਾਤਾਯਾਯਨ, ਕਾਰਿਆਨੰਦ ਸ਼ਰਮਾ ਅਤੇ ਸਹਿਜਾਨੰਦ ਸਰਸਵਤੀ ਨਾਲ਼ ਮਿਲਦੇ ਰਹੇ ਸਨ ਅਤੇ ਉਨ੍ਹਾਂ ਤੋਂ ਕਾਫ਼ੀ ਪ੍ਰਭਾਵਿਤ ਸਨ। ਇਹ ਮੇਲ਼-ਜੋਲ਼ ਹੀ ਸ਼ਾਇਦ ਉਨ੍ਹਾਂ 'ਚ ਲੋਕ ਘੋਲ਼ਾਂ ਦੇ ਵੱਲ ਇੱਕ ਲਗਾਅ ਅਤੇ ਸਰੋਕਾਰ ਪੈਦਾ ਕਰਦਾ ਸੀ ਜਿਹੜਾ ਉਨ੍ਹਾਂ ਅੰਦਰ ਮੌਤ ਤੱਕ ਜਿਉਂਦਾ ਰਿਹਾ।

ਪ੍ਰੋਫ਼ੈਸਰ ਰਾਮ ਸ਼ਰਨ ਸ਼ਰਮਾ ਦੀ ਇਤਿਹਾਸ ਲੇਖਣੀ ਨੂੰ ਇਤਿਹਾਸ ਦਾ ਅਧਿਐਨ ਕਰਨ ਵਾਲ਼ੇ ਉਨ੍ਹਾਂ ਦੀ ਜ਼ਬਰਦਸਤ ਤਰਕ-ਸ਼ਕਤੀ ਤੋਂ ਪਛਾਣ ਸਕਦੇ ਹਨ। ਡੀ. ਡੀ ਕੋਸਾਂਬੀ ਨੇ ਪੁਰਾਤਨ ਭਾਰਤ ਦੇ ਇਤਿਹਾਸਕ ਪਦਾਰਥਵਾਦੀ ਇਤਿਹਾਸ ਦੀ ਨੀਂਹ ਰੱਖੀ। ਇਨ੍ਹਾਂ ਮਾਅਨਿਆਂ ਵਿੱਚ ਉਨ੍ਹਾਂ ਨੇ ਤਰੀਕਾਕਾਰ ਦੇ ਕਈ ਸਵਾਲਾਂ 'ਤੇ ਮੁੱਢਲਾ ਕੰਮ ਕੀਤਾ। ਪਰ ਵਿਗਿਆਨਕ ਅਤੇ ਤਰਕ ਅਧਾਰਿਤ ਵਿਭਿੰਨ ਤਰ੍ਹਾਂ ਦੇ ਸਰੋਤਾਂ ਦੀ ਵਰਤੋਂ ਰਾਹੀਂ ਗੁਜਰੇ ਹੋਏ ਸਮੇਂ ਦੀ ਵਿਗਿਆਨਕ ਮੁੜ ਉਸਾਰੀ ਦੇ ਖੇਤਰ ਵਿੱਚ ਰਾਮ ਸ਼ਰਨ ਸ਼ਰਮਾ ਦਾ ਕੰਮ ਅਸਧਾਰਨ ਅਤੇ ਬੇਮਿਸਾਲ ਹੈ। ਨਿਸ਼ਚਿਤ ਹੈ ਕਿ ਉਨ੍ਹਾਂ ਨੇ ਡੀ. ਡੀ ਕੋਸਾਂਬੀ ਦੀ ਧਾਰਾ ਨੂੰ ਹੀ ਅੱਗੇ ਵਧਾਇਆ। ਪਰ ਉਸ ਨੂੰ ਉਨ੍ਹਾਂ ਨਵੀਆਂ ਬੁਲੰਦੀਆਂ 'ਤੇ ਪਹੁੰਚਾ ਦਿੱਤਾ। ਅੱਜ ਜੇ ਅਸੀਂ ਕਿਸੇ ਮਾਰਕਸਵਾਦੀ ਇਤਿਹਾਸਕਾਰ ਦਾ ਨਾਂ ਸੁਣਦੇ ਹਾਂ ਤਾਂ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ। ਪਰ 1950 ਦੇ ਦਹਾਕੇ ਵਿੱਚ, ਜਦੋਂ ਤੱਕ ਹਾਲੇ ਪੁਰਾਤਨ ਭਾਰਤ ਦੀ ਇਤਿਹਾਸ-ਲੇਖਣੀ ਵਿੱਚ ਮਾਰਕਸਵਾਦ ਦੀ ਮੌਜੂਦਗੀ ਨਾ-ਮਾਤਰ ਸੀ, ਉਸ ਵੇਲੇ ਮਾਰਕਸਵਾਦ ਨੂੰ ਰਚਨਾਤਮਕ ਤਰੀਕੇ ਨਾਲ਼ ਇੱਕ ਤਰੀਕਾਕਾਰ ਅਤੇ ਪਹੁੰਚ ਦੇ ਤੌਰ 'ਤੇ ਭਾਰਤੀ ਇਤਿਹਾਸ ਦੇ ਅਧਿਐਨ 'ਤੇ ਲਾਗੂ ਕਰਨਾ ਇੱਕ ਮੌਲਿਕ ਅਤੇ ਵਿਗਿਆਨਕ ਹਿੰਮਤ ਦੀ ਮੰਗ ਕਰਦਾ ਸੀ। ਕੋਸਾਂਬੀ ਮਗਰੋਂ ਪ੍ਰੋਫ਼ੈਸਰ ਸ਼ਰਮਾ ਨੇ ਵਿਖਾਇਆ ਕਿ ਮਾਰਕਸਵਾਦ ਦਾ ਮਤਲਬ ਆਰਥਿਕ ਨਿਰਧਾਰਣਵਾਦ ਨਹੀਂ ਹੈ। ਮਾਰਕਸ ਦੀਆਂ ਕੁਟੇਸ਼ਨਾਂ ਛਾਂਟਣੀਆਂ ਅਤੇ ਭਾਰਤੀ ਇਤਿਹਾਸ 'ਤੇ ਲਾਗੂ ਕਰ ਦੇਣੀਆਂ ਵੀ ਮਾਰਕਸਵਾਦ ਨਹੀਂ ਹੈ। ਮਾਰਕਸਵਾਦ ਇੱਕ ਪਹੁੰਚ ਅਤੇ ਤਰੀਕਾਕਾਰ ਦਾ ਨਾਂ ਹੈ। ਜੋ ਕਿ ਵਿਗਿਆਨਕ ਤੌਰ 'ਤੇ ਚੀਜ਼ਾਂ ਦੇ ਵਿਸ਼ਲੇਸ਼ਣ 'ਤੇ ਅਧਾਰਿਤ ਹੈ ਅਤੇ ਇਹ ਸਿੱਧ ਕਰਦਾ ਹੈ ਕਿ ਇਤਿਹਾਸ ਵਿੱਚ ਕਿਸੇ ਵੀ ਚੀਜ਼ ਦਾ ਵਿਕਾਸ ਇਕਹਿਰਾ ਨਹੀਂ ਹੁੰਦਾ ਜਾਂ ਇਤਿਹਾਸ ਗੋਲ਼-ਮੋਲ਼ ਘੁੰਮਕੇ ਆਪਣੇ ਆਪ ਨੂੰ ਨਹੀਂ ਦੁਹਰਾਉਂਦਾ ਰਹਿੰਦਾ। ਇਤਿਹਾਸ ਕੁੰਡਲਾਕਾਰ ਗਤੀ ਵਿੱਚ ਲਗਾਤਾਰ ਵਿਰੋਧੀ ਤੱਤਾਂ ਅਤੇ ਤਾਕਤਾਂ ਦੀ ਅੰਦਰੂਨੀ ਵਿਰੋਧਤਾਈ ਨਾਲ਼ ਵਿਕਸਿਤ ਹੁੰਦਾ ਹੈ। ਨਾ ਹੀ ਮਾਰਕਸਵਾਦ ਇਹ ਕਹਿੰਦਾ ਹੈ ਆਰਥਿਕ ਕਾਰਕ ਬਾਕੀ ਚੀਜ਼ਾਂ ਨੂੰ ਮਿੱਥ ਦਿੰਦਾ ਹੈ। ਇਹ ਕੋਸਾਂਬੀ ਅਤੇ ਰਾਮ ਸ਼ਰਨ ਸ਼ਰਮਾ ਨੇ ਆਪਣੀ ਲੇਖਣੀ ਵਿੱਚ ਵਿਖਾਇਆ ਹੈ। ਉਨ੍ਹਾਂ ਨੇ ਵਿਖਾਇਆ ਕਿ ਕਿਵੇਂ ਸੱਭਿਆਚਾਰਕ, ਮਨੋਵਿਗਿਆਨਕ ਅਤੇ ਧਾਰਮਿਕ ਕਾਰਕ ਮੋੜਵੇਂ ਰੂਪ ਵਿੱਚ ਆਰਥਿਕ ਢਾਂਚੇ ਨੂੰ ਵੀ ਪ੍ਰਭਾਵਿਤ ਕਰਦੇ ਹਨ। ਮਾਰਕਸਵਾਦੀ ਸੰਦਾਂ ਦੀ ਕਿਵੇਂ ਪ੍ਰੋਫ਼ੈਸਰ ਸ਼ਰਮਾ ਨੇ ਰਚਨਾਤਮਕ ਵਰਤੋਂ ਕੀਤੀ ਇਹ ਜਾਨਣ ਵਾਸਤੇ ਉਨ੍ਹਾਂ ਦੀਆਂ ਕ੍ਰਿਤਾਂ 'ਤੇ ਸੰਖੇਪ ਵਿੱਚ ਨਿਗ੍ਹਾ ਮਾਰਨੀ ਪਵੇਗੀ।

ਪ੍ਰੋਫ਼ੈਸਰ ਸ਼ਰਮਾ ਨੇ ਪੁਰਾਤਨ ਭਾਰਤ ਦੇ ਇਤਿਹਾਸ ਲੇਖਣ ਨੂੰ ਰਾਜ-ਘਰਾਣਿਆਂ ਅਤੇ ਦਰਬਾਰਾਂ ਦੇ ਇਤਿਹਾਸ ਦੀ ਜਗ੍ਹਾ ਲੋਕਾਂ ਦੇ ਇਤਿਹਾਸ ਵੱਲ ਲੈ ਆਂਦਾ। ਉਨ੍ਹਾਂ ਦੀ ਪਹਿਲੀ ਵੱਡੀ ਕ੍ਰਿਤ ਉਨ੍ਹਾਂ ਦਾ ਪੋਸਟ-ਡੌਕਟੋਰੇਲ ਥੀਸਿਸ ਹੀ ਸੀ। ਇਹ 'ਸ਼ੂਦਰੋਂ ਕਾ ਪ੍ਰਾਚੀਨ ਇਤਿਹਾਸ' ਦੇ ਨਾਂ ਨਾਲ਼ ਛਪੀ। ਇਸ ਕ੍ਰਿਤ ਵਿੱਚ ਉਨ੍ਹਾਂ ਦਾ ਪ੍ਰਮੁੱਖ ਤਰਕ ਇਹ ਸੀ ਕਿ ਜਾਤ-ਪ੍ਰਬੰਧ ਨੂੰ ਸ਼ੁਰੂ ਤੋਂ ਅੱਜ ਤੱਕ ਸਥਿਰ ਵੇਖਣਾ ਗਲਤ ਹੈ।

ਅਸਲ ਵਿੱਚ ਇਤਿਹਾਸ ਦੇ ਵੱਖ ਵੱਖ ਸਮਿਆਂ 'ਚ ਜਿਹੜੇ ਵਿਭਿੰਨ ਤਰ੍ਹਾਂ ਦੇ ਪੈਦਾਵਾਰੀ ਢਾਂਚੇ ਹੋਂਦ ਵਿੱਚ ਆਏ ਉਨ੍ਹਾਂ ਨੇ ਜਾਤ-ਪ੍ਰਬੰਧ ਵਿੱਚ ਮਹੱਤਵਪੂਰਨ ਤਬਦੀਲੀਆਂ ਕੀਤੀਆਂ। ਕਹਿ ਸਕਦੇ ਹਾਂ ਕਿ ਹਰੇਕ ਨਵੇਂ ਸਮਾਜਿਕ ਢਾਂਚੇ ਨੇ ਜਾਤ-ਪ੍ਰਬੰਧ ਨੂੰ ਆਪਣੇ ਹਿੱਤਾਂ ਅਨੁਸਾਰ ਢਾਲ਼ ਲਿਆ। ਨਾਲ਼ ਹੀ ਜਾਤ-ਪ੍ਰਬੰਧ ਨੇ ਵੀ ਹਰੇਕ ਸਮਾਜਿਕ ਢਾਂਚੇ ਨੂੰ ਉਸ ਦਾ ਖਾਸ ਭਾਰਤੀ ਮੁਹਾਂਦਰਾ ਦੇਣ ਵਾਲ਼ੇ ਸਾਰੇ ਕਾਰਕਾਂ ਵਿੱਚੋਂ ਇੱਕ ਕਾਰਕ ਦੀ ਭੂਮਿਕਾ ਨਿਭਾਈ। ਉਨ੍ਹਾਂ ਨੇ ਵਿਖਾਇਆ ਕਿ ਕਿਵੇਂ ਪੁਰਾਤਨ ਦੌਰ ਵਿੱਚ ਸ਼ੂਦਰਾਂ ਦੀ ਗੁਲਾਮੀ ਉਸ ਸਮੇਂ ਕ੍ਰਿਤ ਦੀ ਪੂਰਤੀ ਨੂੰ ਕੰਟਰੋਲ ਕਰਨ ਵਿੱਚ ਮੱਦਦ ਕਰਦੀ ਸੀ।

ਇੱਕ ਸਾਲ ਬਾਅਦ 1959 ਵਿੱਚ ਪ੍ਰੋਫ਼ੈਸਰ ਸ਼ਰਮਾ ਦੀ ਇੱਕ ਹੋਰ ਕ੍ਰਿਤ ਛਪੀ। ਇਹ ਹਿੰਦੀ ਵਿੱਚ **'ਪ੍ਰਾਚੀਨ ਭਾਰਤ ਮੇਂ ਰਾਜਨੀਤਕ ਵਿਚਾਰ ਔਰ ਸੰਸਥਾਏਂ'** ਨਾਮ ਨਾਲ਼ ਛਪੀ। ਇਹ ਹੇਮਚੰਦਰ ਰਾਇ ਚੌਧਰੀ ਦੇ 'ਪੌਲਿਟਿਕਿਲ ਹਿਸਟਰੀ ਆਫ਼ ਐਨਸ਼ਿਅੰਟ ਇੰਡੀਆ' ਦੇ ਬਾਅਦ ਭਾਰਤ ਦੇ ਸਿਆਸੀ ਇਤਿਹਾਸ ਵਿੱਚ ਸਭ ਤੋਂ ਵੱਡਾ ਯੋਗਦਾਨ ਸੀ ਅਤੇ ਇਹ ਹਰੇਕ ਮਾਮਲੇ ਵਿੱਚ ਰਾਇ ਚੌਧਰੀ ਦੇ ਇਤਿਹਾਸ ਲੇਖਣ ਦੀਆਂ ਹੱਦਾਂ ਦਾ ਉਲੰਘਣ ਸੀ। ਇਸ ਰਚਨਾ ਵਿੱਚ ਪ੍ਰੋਫ਼ੈਸਰ ਸ਼ਰਮਾ ਨੇ ਭਾਰਤ ਵਿੱਚ ਰਾਜ ਦੀ ਉੱਤਪਤੀ ਦਾ ਡੂੰਘਾ ਅਧਿਐਨ ਕੀਤਾ ਅਤੇ ਨਾਲ਼ ਹੀ ਵੈਦਿਕ ਕਾਲ ਦੇ ਆਰੀਅਨਾਂ ਦੀਆਂ ਸ਼ੁਰੂਆਤੀ ਸਿਆਸੀ ਸੰਸਥਾਵਾਂ ਜਿਵੇਂ ਕਿ ਉਨ੍ਹਾਂ ਦੀ ਲੋਕ ਸੰਸਦ *ਵਿਦਥ* ਬਾਰੇ ਪਹਿਲੀ ਵਾਰ ਲਿਖਿਆ। ਇਸ ਦੇ ਲਈ ਉਨ੍ਹਾਂ ਨੇ ਲਿਖਤੀ ਸਰੋਤਾਂ ਤੋਂ ਇਲਾਵਾ ਪੁਰਾਤਾਤਵਿਕ ਸਰੋਤਾਂ ਦਾ ਬਖੂਬੀ ਪ੍ਰਯੋਗ ਕੀਤਾ, ਜੋ ਕਿ ਉਸ ਵੇਲ਼ੇ ਦੇ ਇਤਿਹਾਸਕਾਰਾਂ ਦੇ ਲਈ ਨਵੀਂ ਗੱਲ ਸੀ। ਰਾਮ ਸ਼ਰਨ ਸ਼ਰਮਾ ਦੀਆਂ ਸਾਰੀਆਂ ਦੇਣਾਂ ਵਿੱਚੋਂ ਇੱਕ ਦੇਣ ਇਹ ਵੀ ਹੈ ਕਿ ਉਹ ਸਾਹਿਤਕ, ਲਿਖਤੀ, ਦਰਬਾਰੀ, ਪੁਰਾਤਾਤਵਿਕ ਅਤੇ ਹੋਰ ਕਈ ਕਿਸਮ ਦੇ ਸਰੋਤਾਂ ਨੂੰ ਇੱਕ-ਦੂਜੇ ਦੇ ਸਨਮੁੱਖ ਰੱਖਕੇ ਉਨ੍ਹਾਂ ਦੀ ਸਾਰਥਕਤਾ ਤੈਅ ਕਰਦੇ ਸਨ। ਇਹ ਆਪਣੇ ਆਪ ਵਿੱਚ ਉਸ ਸਮੇਂ ਨਵੀਂ ਗੱਲ ਸੀ, ਜਿਸ ਨੂੰ ਅੱਜ ਦੇ ਜ਼ਮਾਨੇ ਵਿੱਚ ਏਥਨੋ-ਆਰਕਿਊਲੋਜ਼ਿਕਲ ਨਜ਼ਰੀਆ ਆਦਿ ਵਰਗੇ ਫੈਸ਼ਨੇਬਲ ਨਾਮ ਦਿੱਤੇ ਜਾ ਰਹੇ ਹਨ। ਇਸ ਕਿਤਾਬ ਵਿੱਚ ਪ੍ਰੋਫ਼ੈਸਰ ਸ਼ਰਮਾ ਨੇ ਔਰਤਾਂ ਦੀ ਹਾਲਤ ਬਾਰੇ ਦੱਸਿਆ ਹੈ ਕਿ ਉਹ ਹਰੇਕ ਦੌਰ ਵਿੱਚ ਗੁਲਾਮ ਨਹੀਂ ਸਨ। ਵੈਦਿਕ ਕਾਲ ਵਿੱਚ ਉਨ੍ਹਾਂ ਦੀ ਹਾਲਤ ਅਗਵਾਈ ਕਰਨ ਵਾਲ਼ੀ ਸੀ ਅਤੇ ਸਿਆਸੀ ਅਦਾਰਿਆਂ ਵਿੱਚ ਉਨ੍ਹਾਂ ਦੀ ਮੌਜੂਦਗੀ ਸੀ।

ਪਰ ਪ੍ਰੋਫ਼ੈਸਰ ਰਾਮ ਸ਼ਰਨ ਸ਼ਰਮਾ ਦੀ ਜਿਸ ਕ੍ਰਿਤ ਲਈ ਉਨ੍ਹਾਂ ਨੂੰ ਸਭ ਤੋਂ ਜ਼ਿਆਦਾ ਜਾਣਿਆ ਜਾਂਦਾ ਹੈ, ਉਹ ਹੈ **'ਭਾਰਤੀਯ ਸਾਮੰਤਵਾਦ'** ਜਿਹੜੀ ਕਿ 1965 ਵਿੱਚ ਛਪੀ। ਪ੍ਰੋਫ਼ੈਸਰ ਸ਼ਰਮਾ ਤੋਂ ਪਹਿਲਾਂ ਡੀ. ਡੀ. ਕੋਸਾਂਬੀ ਨੇ ਦੋ ਪੜਾਵਾਂ ਵਿੱਚ ('ਫਰਾਮ ਅਵੱਬ' ਅਤੇ 'ਫਰਾਮ ਬਿਲੋਅ') ਭਾਰਤ ਵਿੱਚ ਜਗੀਰਦਾਰੀ ਦੇ ਵਿਕਾਸ ਦੀ ਗੱਲ ਕਹੀ ਸੀ। ਪ੍ਰੋਫ਼ੈਸਰ ਸ਼ਰਮਾ ਨੇ ਪੜਾਵਾਂ ਦੀ ਇਸ ਵੰਡ ਨੂੰ ਨਾ ਮੰਨਿਆ ਪਰ ਕਈ ਮਾਮਲਿਆਂ ਵਿੱਚ ਕੋਸਾਂਬੀ ਦੇ ਥੀਸਿਸ ਨੂੰ ਵਿਕਸਿਤ ਕਰਦਿਆਂ ਭਾਰਤ ਵਿੱਚ ਜਗੀਰਦਾਰੀ ਦੇ ਵਿਕਾਸ ਦਾ ਆਪਣਾ ਥੀਸਿਸ ਦਿੱਤਾ। ਯੂਰਪ ਵਿੱਚ ਜਗੀਰਦਾਰੀ ਦੇ ਵਿਕਾਸ ਨੂੰ ਲੈ ਕੇ ਦੋ ਸਕੂਲਾਂ ਵਿੱਚ ਬਹਿਸ ਰਹੀ ਹੈ। ਪ੍ਰੋਫ਼ੈਸਰ ਸ਼ਰਮਾ ਦੀ ਕ੍ਰਿਤ ਵਿੱਚ ਇਨ੍ਹਾਂ ਦੋਵੇਂ ਸਕੂਲਾਂ ਦਾ ਅਸਰ ਵੇਖਿਆ ਜਾ ਸਕਦਾ ਹੈ, ਪਰ ਉਨ੍ਹਾਂ ਨੇ ਦੋਵੇਂ ਹੀ ਸਕੂਲਾਂ ਦੁਆਰਾ ਤਰੀਕਾਕਾਰ ਦੇ ਪੱਧਰ 'ਤੇ ਦਿੱਤੇ ਯੋਗਦਾਨਾਂ ਨੂੰ ਵਿਗਿਆਨਕ ਰੂਪ ਵਿੱਚ ਸੰਸਲੇਸ਼ਿਤ ਕੀਤਾ ਹੈ। ਇਸ ਤੋਂ ਪਹਿਲਾਂ ਕਿ ਆਪਾਂ ਪ੍ਰੋਫ਼ੈਸਰ ਸ਼ਰਮਾ ਦੀ ਕ੍ਰਿਤ ਬਾਰੇ ਗੱਲ ਕਰੀਏ, ਸੰਖੇਪ ਵਿੱਚ ਇਨ੍ਹਾਂ ਦੋਵਾਂ ਸਕੂਲਾਂ ਬਾਰੇ ਜਾਣ ਲਿਆ ਜਾਵੇ। ਇੱਕ ਸਕੂਲ ਦੀ ਅਗਵਾਈ ਆਪਣੇ ਵੇਲੇ ਦੇ ਮਹਾਨ ਇਤਿਹਾਸਕਾਰ **ਹੈਨਰੀ ਪਿਰੇਨ** ਕਰ ਰਹੇ ਸਨ, ਜਿਨ੍ਹਾਂ ਨੇ ਜਗੀਰਦਾਰੀ ਦੇ ਪੈਦਾ ਹੋਣ ਅਤੇ ਪਤਨ ਦਾ **ਲੀ ਗ੍ਰਾਂਦੇ ਕਾਮਰਸ** ਥੀਸਿਸ ਦਿੱਤਾ। **ਇਸ ਦੇ ਅਨੁਸਾਰ ਵਣਜ ਅਤੇ ਸ਼ਹਿਰੀਕਰਨ ਦੇ ਵਿਕਾਸ ਦਾ ਜਗੀਰਦਾਰੀ ਦੇ ਨਾਲ਼ ਉਲਟ-ਅਨੁਪਾਤੀ ਸਬੰਧ ਹੁੰਦਾ ਹੈ।** ਮਤਲਬ ਕਿ, ਜਦੋਂ ਵਣਜ ਅਤੇ ਸ਼ਹਿਰੀਕਰਨ ਵਿਕਸਿਤ ਹੁੰਦਾ ਹੈ (ਜਿਹਾ ਕਿ ਰੋਮਨ ਸਾਮਰਾਜ ਦੇ ਪਤਣ ਤੱਕ ਸੀ) ਤਾਂ ਜਗੀਰਦਾਰੀ ਪੈਦਾ ਨਹੀਂ ਹੋ ਸਕਦੀ, ਪਰ ਜਿਵੇਂ ਹੀ ਵਣਜ ਅਤੇ ਸ਼ਹਿਰੀਕਰਨ ਦਾ ਪਤਣ ਹੁੰਦਾ ਹੈ (ਜਿਵੇਂ ਕਿ ਦੱਖਣੀ ਯੂਰਪ ਉੱਤੇ ਅਰਬ ਹਮਲੇ ਦੇ ਬਾਅਦ ਲੰਮੀ ਦੂਰੀ ਦੇ ਵਣਜ ਦੇ ਖ਼ਤਮ ਹੋਣ ਮਗਰੋਂ ਹੋਇਆ) ਤਿਵੇਂ ਹੀ ਜਗੀਰਦਾਰੀ ਪੈਦਾ ਹੋਣ ਲੱਗਦੀ ਹੈ ਅਤੇ ਜਦੋਂ ਮੁੜ ਤੋਂ ਵਣਜ ਵਧਦਾ ਹੈ ਤਾਂ ਅਰਥਚਾਰਾ ਜਗੀਰਦਾਰੀ ਤੋਂ ਸਰਮਾਏਦਾਰੀ ਵੱਲ ਵੱਧਣ ਲੱਗਦਾ ਹੈ। ਇਸ ਨੂੰ ਜਗੀਰਦਾਰੀ ਦੇ ਉਪਜਣ ਅਤੇ ਪਤਿਤ ਹੋਣ ਦਾ **ਪਿਰੇਨਿਯਨ ਥੀਸਿਸ ਜਾਂ 'ਲੰਮੀ ਦੂਰੀ ਦਾ ਵਣਜ' ਸਿਧਾਂਤ** ਕਹਿੰਦੇ ਹਨ। ਇਹ ਪੈਦਾਵਾਰੀ ਢੰਗ ਦੇ ਉਪਜਣ ਅਤੇ ਖ਼ਤਮ ਹੋਣ ਦੇ ਲਈ ਬਾਹਰੀ ਕਾਰਕਾਂ 'ਤੇ ਜ਼ੋਰ ਦਿੰਦਾ ਹੈ, ਮਤਲਬ ਕਿ ਬਾਹਰੀ ਵਣਜ। ਇਹ ਕਹਿੰਦਾ ਹੈ ਕਿ ਵਣਜ ਤੋਂ ਆਉਣ ਵਾਲ਼ੀ ਖੁਸ਼ਹਾਲੀ ਮੁਦਰਾ ਅਰਥਚਾਰੇ ਅਤੇ ਸ਼ਹਿਰੀਕਰਨ ਨੂੰ ਜਨਮ ਦਿੰਦੀ ਹੈ। ਇਹ ਸਥਾਨਕ ਅਰਥਚਾਰੇ ਨੂੰ ਖ਼ਤਮ ਕਰਕੇ ਵੱਡੇ ਪੱਧਰ ਦਾ ਕੌਮੀ ਅਰਥਚਾਰਾ ਪੈਦਾ ਕਰਦੀ ਹੈ। ਸ਼ੁਰੂ ਵਿੱਚ ਜ਼ਿਆਦਾਤਰ ਮਾਰਕਸਵਾਦੀ ਇਤਿਹਾਸਕਾਰਾਂ ਨੇ ਪਿਰੇਨਿਯਨ ਥੀਸਿਸ ਨੂੰ ਥੋੜ੍ਹੀ ਬਹੁਤੀ ਫੇਰਬਦਲ ਨਾਲ਼ ਪ੍ਰਵਾਨ ਕਰ ਲਿਆ। ਪਰ ਮਗਰੋਂ ਕਈ ਮਾਰਕਸਵਾਦੀ ਇਤਿਹਾਸਕਾਰਾਂ ਨੇ ਇਸ ਦਾ ਵਿਰੋਧ ਕਰਦੇ ਹੋਏ ਸਿੱਧ ਕੀਤਾ ਕਿ ਵਣਜ ਅਤੇ ਸ਼ਹਿਰੀਕਰਨ ਦੇ ਕਾਰਕ ਨਿਸ਼ਚਿਤ ਤੌਰ 'ਤੇ ਮੱਦਦਗਾਰ ਸਨ ਅਤੇ ਉਤਪ੍ਰੇਰਕ ਦਾ ਕੰਮ ਕਰ ਰਹੇ ਸਨ, ਪਰ ਅਸਲ ਕਾਰਕ ਅੰਦਰੂਨੀ ਸਨ ਜਿਨ੍ਹਾਂ ਨੇ ਜਗੀਰਦਾਰੀ ਨੂੰ ਪੈਦਾ ਕੀਤਾ ਅਤੇ ਬਾਅਦ ਵਿੱਚ ਖ਼ਤਮ ਕੀਤਾ। ਇਹ ਕਾਰਕ ਸੀ ਜਮਾਤੀ ਘੋਲ਼ ਦਾ ਕਾਰਕ, ਜੋ ਕਿ ਪੈਦਾਵਾਰੀ ਤਾਕਤਾਂ ਅਤੇ ਪੈਦਾਵਾਰੀ ਸਬੰਧਾਂ ਦੀ ਵਿਰੋਧਤਾਈ ਦਾ ਸਮਾਜਿਕ ਪ੍ਰਗਟਾਵਾ ਸੀ। ਭਾਰਤ ਦੇ ਮਾਮਲੇ ਵਿੱਚ ਪ੍ਰੋਫ਼ੈਸਰ ਰਾਮ ਸ਼ਰਨ ਸ਼ਰਮਾ ਇਨ੍ਹਾਂ ਦੋਵਾਂ ਸਕੂਲਾਂ ਦੀ ਪਹੁੰਚ ਦਾ ਸੰਸਲੇਸ਼ਣ ਕਰਦੇ ਹੋਏ ਦੋ ਪ੍ਰਮੁੱਖ ਕਾਰਕ ਦੱਸਦੇ ਹਨ ਜਿਨ੍ਹਾਂ ਨੇ ਜਗੀਰਦਾਰੀ ਨੂੰ ਜਨਮ ਦਿੱਤਾ। ਪਹਿਲਾ ਕਾਰਕ ਸੀ ਲੋਹੇ ਦੀ ਤਕਨੀਕ ਤੋਂ ਬਾਅਦ ਖੇਤੀ ਤਹਿਤ ਖੇਤਰ ਦਾ ਤੇਜ਼ੀ ਨਾਲ਼ ਵਿਕਾਸ। ਇਸ ਤਬਦੀਲੀ ਨੇ ਸਮਾਜਿਕ ਖੁਸ਼ਹਾਲੀ ਦੇ ਸਰੋਤ ਅਤੇ ਰੂਪ ਨੂੰ ਮੁੱਢੋ-ਸੁੱਢੋਂ ਹੀ ਬਦਲ ਦਿੱਤਾ। ਇਹ ਦੇ ਨਾਲ਼ ਹੀ ਜਾਇਦਾਦ ਦਾ ਸਭ ਤੋਂ ਪਹਿਲੇ ਮੁੱਖ ਰੂਪ ਜ਼ਮੀਨ ਅਤੇ ਪਾਲਤੂ ਪਸ਼ੂ ਹੋ ਗਏ। ਖੇਤੀ ਦੇ ਪ੍ਰਮੁੱਖ ਆਰਥਕ ਸਰਗਰਮੀ ਬਣ ਜਾਣ ਨਾਲ਼ ਪੂਰੇ ਭਾਰਤੀ ਉਪ-ਮਹਾਂਦੀਪ ਦੇ ਸਮਾਜਿਕ ਢਾਂਚੇ ਵਿੱਚ ਜ਼ਬਰਦਸਤ ਤਬਦੀਲੀ ਹੋਈ। ਇਹ ਤਬਦੀਲੀ ਭੂ-ਮਾਲਕ ਜਮਾਤ ਦੇ ਸਭ ਤੋਂ ਤਾਕਤਵਰ ਹਾਕਮ ਜਮਾਤ ਦੇ ਰੂਪ ਵਿੱਚ ਉਭਾਰ ਦਾ ਪ੍ਰਮੁੱਖ ਕਾਰਨ ਬਣੀ। ਪਰ ਇਸ ਉਭਾਰ

ਨੂੰ ਜਿਸ ਕਾਰਕ ਨੇ ਉਤਪ੍ਰੇਰਿਤ ਕੀਤਾ, ਉਹ ਸੀ ਪਹਿਲੀ ਸਦੀ ਈਸਵੀ ਵਿੱਚ ਵਣਜ ਅਤੇ ਸ਼ਹਿਰਾਂ ਦੇ ਨਾਲ਼ ਪੂਰੇ ਅਰਥਚਾਰੇ ਦਾ ਸਥਾਨਕੀਕਰਨ। ਮੁਦਰਾ ਦੀ ਕਮੀ ਹੋਣ ਲੱਗੀ, ਸ਼ਹਿਰ ਖ਼ਤਮ ਹੋਣ ਲੱਗੇ ਅਤੇ ਖੇਤੀ 'ਤੇ ਬੋਝ ਵੱਧਦਾ ਗਿਆ। ਇਹਦੇ ਨਾਲ਼ ਹੀ ਰਾਜ ਲਈ ਆਪਣੇ ਕਰਮਚਾਰੀਆਂ ਨੂੰ ਧਨ ਦੇ ਰੂਪ ਵਿੱਚ ਭੁਗਤਾਨ ਕਰਨਾ ਔਖਾ ਹੋ ਗਿਆ। ਇੱਥੋਂ ਹੀ ਭੂਮੀ ਬਖਸ਼ਣ ਦੀ ਵਿਵਸਥਾ ਸ਼ੁਰੂ ਹੋਈ। ਇਹ ਭੂਮੀ ਬਖਸ਼ਿਸ਼ ਰਾਜ ਨੇ ਪਹਿਲਾਂ ਬ੍ਰਾਹਮਣਾਂ ਨੂੰ ਦੇਣੀ ਸ਼ੁਰੂ ਕੀਤੀ ਅਤੇ ਮੰਦਰਾਂ ਦੀ ਆਰਥਿਕ ਤਾਕਤ ਅਤੇ ਸਿਆਸੀ ਭੂਮਿਕਾ ਵਿੱਚ ਵਾਧਾ ਕੀਤਾ। ਉਹ ਖੁਦਮੁਖਤਿਆਰ ਤਾਕਤ ਬਣ ਗਏ ਅਤੇ ਕਿਸਾਨਾਂ ਦੀ ਲੁੱਟ ਕਰਨ ਲਈ ਮਸ਼ੀਨਰੀ ਦਾ ਸੰਸਥਾਬੱਧ ਰੂਪ ਵੀ। ਮਗਰੋਂ, ਗੈਰ-ਧਾਰਮਿਕ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਵੀ ਭੂਮੀ ਬਖਸ਼ਿਸ਼ ਮਿਲਣ ਲੱਗੀ। ਇਹ ਮੁੱਖ ਤੌਰ 'ਤੇ ਖੱਤਰੀ ਅਤੇ ਕਾਇਸਥ ਵਰਗੀਆਂ ਜਾਤਾਂ ਨੂੰ ਮਿਲੀ। ਏਸੇ ਦੌਰ ਵਿੱਚ ਇਨ੍ਹਾਂ ਜਾਤਾਂ ਦੀ ਤਾਕਤ ਵਿੱਚ ਤੇਜ਼ੀ ਨਾਲ਼ ਵਾਧਾ ਹੋਇਆ ਅਤੇ ਬ੍ਰਾਹਮਣਾਂ ਦੇ ਨਾਲ਼ ਸੱਤ੍ਹਾ ਵਿੱਚ ਉਨ੍ਹਾਂ ਦੀ ਸਾਂਝ ਵਧੀ। ਭੂਮੀ ਬਖਸ਼ਿਸ਼ ਦੇ ਢਾਂਚੇ ਨੂੰ ਪੂਰੇ ਉਪ-ਮਹਾਂਦੀਪ ਵਿੱਚ ਮਸ਼ਹੂਰ ਹੋਣ ਨੂੰ ਜ਼ਿਆਦਾ ਸਮਾਂ ਨਹੀਂ ਲੱਗਿਆ ਅਤੇ ਇਹਦੇ ਨਾਲ਼ ਹੀ ਜਗੀਰਦਾਰੀ ਦਾ ਜਨਮ ਹੋਇਆ। ਇਸ ਢਾਂਚੇ ਵਿੱਚ ਰਾਜ ਅਤੇ ਕਿਸਾਨੀ ਜਮਾਤ ਵਿਚਾਲੇ ਇੱਕ ਵਿਚੋਲਾ ਸੀ, ਜਿਹੜਾ ਲਗਾਨ ਵਸੂਲੀ ਕਰਦਾ ਸੀ ਜੋ ਹਕੂਮਤੀ ਅਤੇ ਪ੍ਰਸ਼ਾਸਨਿਕ ਤਾਕਤਾਂ ਰੱਖਣ ਦੇ ਨਾਲ਼ ਨਾਲ਼ ਨਿਆਂਇਕ ਤਾਕਤਾਂ ਵੀ ਰੱਖਦਾ ਸੀ। ਇਸ ਤਰ੍ਹਾਂ ਉਹ ਖੁਦ ਇਸ ਖਿੰਡੀ ਹੋਈ ਰਾਜਸੱਤ੍ਹਾ ਦਾ ਇੱਕ ਹਿੱਸਾ ਸੀ। ਤਾਕਤਾਂ ਦਾ ਵਿਖੰਡਨ ਅਤੇ ਕੇਂਦਰੀਕਰਨ ਹੋਇਆ ਅਤੇ ਪੂਰੀ ਜਗੀਰੂ ਜਮਾਤ ਰਾਜੇ ਦੀ ਅਗਵਾਈ ਵਿੱਚ ਕਿਸਾਨਾਂ ਅਤੇ ਕਿਰਤੀ ਅਬਾਦੀ ਨੂੰ ਲੁੱਟਣ ਦਾ ਕੰਮ ਕਰਨ ਲੱਗੀ। ਇਸ ਤਰ੍ਹਾਂ ਪ੍ਰੋਫ਼ੈਸਰ ਸ਼ਰਮਾ ਨੇ ਭਾਰਤ ਵਿੱਚ ਜਗੀਰਦਾਰੀ ਦੇ ਜਨਮ ਦੇ ਦੋਵੇਂ ਪੱਖਾਂ 'ਤੇ ਜ਼ੋਰ ਦਿੱਤਾ। **ਹਾਂ, ਇਹ ਜ਼ਰੂਰ ਸੀ ਕਿ ਉਨ੍ਹਾਂ ਦਾ ਜ਼ੋਰ ਪਿਰੇਨਿਯਨ ਥੀਸਿਸ 'ਤੇ ਕੁਝ ਜ਼ਿਆਦਾ ਹੋ ਗਿਆ ਸੀ, ਜੋ ਕਿ ਮਾਰਕਸਵਾਦ ਦੇ ਉਲਟ ਬਾਹਰੀ ਕਾਰਕਾਂ (ਵਟਾਂਦਰਾ ਸਬੰਧਾਂ) ਉੱਤੇ ਜ਼ਿਆਦਾ ਜ਼ੋਰ ਦਿੰਦਾ ਹੈ, ਅਤੇ ਅੰਦਰੂਨੀ ਕਾਰਕਾਂ (ਪੈਦਾਵਾਰੀ ਸਬੰਧਾਂ) ਉੱਤੇ ਘੱਟ।**

'ਭਾਰਤੀਯ ਸਾਮੰਤਵਾਦ' ਦੇ ਛਪਣ ਤੋਂ ਬਾਅਦ ਜ਼ਬਰਦਸਤ ਬਹਿਸ ਸ਼ੁਰੂ ਹੋ ਗਈ। ਇੱਕ ਹੋਰ ਇਤਿਹਾਸਕਾਰ **ਹਰਬੰਸ ਮੁਖੀਆ** ਨੇ ਇਹ ਸਵਾਲ ਚੁੱਕਿਆ ਕਿ ਭਾਰਤ ਵਿੱਚ ਜਗੀਰਦਾਰੀ ਸੀ ਵੀ ਜਾਂ ਨਹੀਂ। ਇਸ ਦਾ ਪ੍ਰੋਫ਼ੈਸਰ ਸ਼ਰਮਾ ਨੇ ਜਵਾਬ ਦਿੰਦੇ ਹੋਏ ਇੱਕ ਵਾਰ ਫਿਰ ਵਿਭਿੰਨ ਸਰੋਤਾਂ ਤੋਂ ਸਿੱਧ ਕੀਤਾ ਕਿ ਭਾਰਤ ਵਿੱਚ ਜਗੀਰਦਾਰੀ ਸੀ। ਕੁਝ ਅਲੋਚਨਾਵਾਂ ਦਾ ਅਧਾਰ ਯੂਰਪੀ ਜਗੀਰਦਾਰੀ ਨਾਲ਼ ਤੁਲਨਾ ਦੇ ਕਾਰਨ ਪੈਦਾ ਹੋਇਆ ਸੀ। ਪ੍ਰੋਫ਼ੈਸਰ ਸ਼ਰਮਾ ਦੀ ਅਲੋਚਨਾ ਕਰਦੇ ਹੋਏ ਕੁਝ ਲੋਕਾਂ ਨੇ ਕਿਹਾ ਕਿ ਯੂਰਪ ਵਿੱਚ ਜਗੀਰਦਾਰੀ ਦਾ ਪ੍ਰਮੁੱਖ ਅਧਾਰ **ਭੂ-ਦਾਸ ਵਿਵਸਥਾ (ਸਰਫਡਮ)** ਸੀ, ਜਿਹੜੀ ਕਿ ਭਾਰਤ ਵਿੱਚ ਢਾਂਚਾਗਤ ਰੂਪ ਵਿੱਚ ਨਹੀਂ ਸੀ। ਇਸ ਅਲੋਚਨਾ ਦਾ ਕਾਰਨ ਪ੍ਰਸਿੱਧ ਕ੍ਰਿਤ **'ਜਗੀਰੂ ਸਮਾਜ'** ਦੇ ਲੇਖਕ **ਮਾਰਕ ਬਲਾਕ** ਦੀ ਇਹ ਧਾਰਨਾ ਸੀ ਕਿ ਭੂ-ਦਾਸ ਪ੍ਰਬੰਧ ਜਗੀਰਦਾਰੀ ਦਾ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਹੈ। ਇਸ ਅਲੋਚਨਾ ਦਾ ਜਵਾਬ ਦਿੰਦੇ ਹੋਏ ਪ੍ਰੋਫ਼ੈਸਰ ਸ਼ਰਮਾ ਨੇ ਯੂਰਪੀ ਜਗੀਰਦਾਰੀ ਨਾਲ਼ ਤੁਲਨਾ ਦੇ ਮਾਪਦੰਡਾ ਨੂੰ ਰੱਦ ਕੀਤਾ। ਉਨ੍ਹਾਂ ਨੇ ਦੱਸਿਆ ਕਿ ਢਾਂਚਾਗਤ ਭੂ-ਦਾਸ ਪ੍ਰਬੰਧ ਜਗੀਰਦਾਰੀ ਦੇ ਹੋਂਦ ਦੀ ਸ਼ਰਤ ਨਹੀਂ ਹੈ। ਅਤੇ ਉਸ ਦੀ ਗੈਰ-ਹਾਜ਼ਰੀ ਵਿੱਚ ਵੀ ਜੇ ਜਗੀਰੂ ਲਗਾਨ ਮੌਜੂਦ ਹੈ ਅਤੇ ਇੱਕ ਮੱਧਵਰਗੀ ਜਮਾਤ ਰਾਜ ਅਤੇ ਕਿਸਾਨੀ ਵਿਚਾਲੇ ਮੌਜੂਦ ਹੈ ਤਾਂ ਜਗੀਰਦਾਰੀ ਦੀ ਹੋਂਦ ਲਈ ਇਹ ਕਾਫ਼ੀ ਹੈ। ਇਹ ਮੁੱਦਾ ਅੱਜ ਵੀ ਇਤਿਹਾਸਕਾਰਾਂ ਨੂੰ ਖੇਮਿਆਂ 'ਚ ਵੰਡ ਦਿੰਦਾ ਹੈ ਪਰ ਕੁੱਲ ਮਿਲਾ ਕੇ ਕਈ ਨੁਕਤਿਆਂ ਤੋਂ ਅਲੋਚਨਾ ਦਾ ਸਾਹਮਣਾ ਕਰਨ ਦੇ ਬਾਵਜੂਦ ਭਾਰਤੀ ਜਗੀਰਦਾਰੀ ਦਾ ਪ੍ਰੋਫ਼ੈਸਰ ਸ਼ਰਮਾ ਦਾ ਥੀਸਿਸ ਇੱਕ ਸਥਾਪਿਤ ਥੀਸਿਸ ਮੰਨਿਆ ਜਾਂਦਾ ਹੈ। ਇਸ ਥੀਸਿਸ ਨੂੰ ਉਨ੍ਹਾਂ ਨੇ ਬਾਅਦ ਵਿੱਚ ਦੋ ਹੋਰ ਕਿਤਾਬਾਂ ਵਿੱਚ ਹੋਰ ਵਿਕਸਿਤ ਕੀਤਾ ਹੈ: **'ਅਰਬਨ ਡਿਕੇਅ ਇਨ ਇੰਡੀਆ 400-1000 ਈਸਵੀ'** (1987) **ਅਤੇ 'ਅਰਲੀ ਮੇਡਿਏਵਲ ਇੰਡੀਅਨ ਸੋਸਾਇਟੀ: ਏ ਸਟੱਡੀ ਇੰਨ ਫਿਊਡਾਲਾਇਜੇਸ਼ਨ'** (2001)।

ਉਨ੍ਹਾਂ ਦੀ ਇੱਕ ਹੋਰ ਬਹੁਤ ਮਹੱਤਵਪੂਰਨ ਕ੍ਰਿਤ **'ਮਟੀਰੀਅਲ ਕਲਚਰ ਐਂਡ ਸੋਸ਼ਲ ਫੌਰਮੇਸ਼ਨਸ ਇੰਨ ਐਨਸ਼ਿਅੰਟ ਇੰਡੀਆ'** 1983 ਵਿੱਚ ਛਪੀ। ਇਸ ਵਿੱਚ ਇੱਕ ਵਾਰ ਫਿਰ ਤੋਂ ਉਨ੍ਹਾਂ ਨੇ ਉੱਤਰ-ਵੈਦਿਕ ਦੌਰ ਵਿੱਚ ਰਾਜ ਦੀ ਉਤਪਤੀ ਦੇ ਸਵਾਲ ਨੂੰ ਲਿਆ ਅਤੇ ਨਾਲ਼ ਹੀ ਬੁੱਧ ਅਤੇ ਜੈਨ ਧਰਮ ਵਰਗੇ ਧਾਰਮਿਕ ਪੰਥਾਂ ਦੇ ਪੈਦਾ ਹੋਣ ਦੇ ਪਦਾਰਥਕ ਅਧਾਰ ਨੂੰ ਸਪਸ਼ਟ ਕਰਦੇ ਹੋਏ ਦੱਸਿਆ ਕਿ ਲੋਹੇ ਦੀ ਤਕਨੀਕ ਦੇ ਪੈਦਾ ਹੋਣ ਦੇ ਨਾਲ਼ ਖੇਤੀ ਦਾ ਮੁਹਾਂਦਰਾ ਵੀ ਬਦਲਿਆ ਅਤੇ ਇਸ ਬਦਲੇ ਮੁਹਾਂਦਰੇ ਕਾਰਨ ਪਾਲਤੂ ਪਸ਼ੂਆਂ ਦੀ ਮਹੱਤਤਾ ਵਧ ਗਈ। ਅਜਿਹੇ ਸਮੇਂ ਜਿਹੜੇ ਧਰਮਾਂ ਨੇ ਇਨ੍ਹਾਂ ਨਵੀਆਂ ਤਬਦੀਲੀਆਂ ਦੇ ਅਨੁਸਾਰੀ ਆਪਣੀ ਸੰਰਚਨਾ ਨੂੰ ਸਥਾਪਿਤ ਕੀਤਾ ਉਹ ਹਰਮਨ-ਪਿਆਰੇ ਹੋ ਗਏ ਅਤੇ ਤੇਜ਼ੀ ਨਾਲ਼ ਫੈਲੇ। ਬੁੱਧ ਧਰਮ ਅਤੇ ਜੈਨ ਧਰਮ ਸਮਾਜ ਵਿੱਚ ਹੋ ਰਹੀਆਂ ਤਬਦੀਲੀਆਂ ਦੇ ਅਨੁਸਾਰੀ ਸਨ ਅਤੇ ਏਸੇ ਲਈ ਉਹ ਤੇਜ਼ੀ ਨਾਲ਼ ਫੈਲੇ। ਉਨ੍ਹਾਂ ਨੇ ਇਸ ਕ੍ਰਿਤ ਵਿੱਚ ਰਾਜ ਸਿਧਾਂਤ ਦੇ ਮਾਮਲੇ ਵਿੱਚ ਵੀ ਯੋਗਦਾਨ ਦਿੱਤਾ। ਉਨ੍ਹਾਂ ਨੇ **ਕਾਰਲ ਵਿਟਫੌਗਲ** ਦੇ **ਪੂਰਬੀ ਨਿਰੰਕੁਸ਼ਤਾ (ਓਰਿਐਂਟਲ ਡੈਸਪਾਟਿਜ਼ਮ)** ਦੇ ਸਿਧਾਂਤ ਨੂੰ ਰੱਦ ਕੀਤਾ ਅਤੇ ਸਿੱਧ ਕੀਤਾ ਕਿ ਭਾਰਤ ਵਿੱਚ ਵੀ ਰਾਜਕੀ ਢਾਂਚੇ ਦੀ ਉਸਾਰੀ ਖੇਤਰੀ, ਜੈਵਿਕ, ਸੱਭਿਅਤਾ ਜਾਂ ਦੈਵੀ ਰੂਪ ਤੋਂ ਨਹੀਂ ਸਗੋਂ ਸਮਾਜ ਵਿੱਚ ਹੋ ਰਹੀਆਂ ਪਦਾਰਥਕ ਤਬਦੀਲੀਆਂ ਤੋਂ ਤੈਅ ਹੋ ਰਹੀ ਸੀ। ਰਾਜ ਦੀ ਉਤਪਤੀ ਅਤੇ ਵਿਕਾਸ ਦੇ ਸਵਾਲ ਨੂੰ ਉਨ੍ਹਾਂ ਨੇ 1989 ਦੀ ਕ੍ਰਿਤ **'ਓਰਿਜ਼ਨ ਆਫ਼ ਸਟੇਟ ਇੰਨ ਇੰਡੀਆ'** ਵਿੱਚ ਅਤੇ ਫਿਰ **'ਦਿ ਸਟੇਟ ਐਂਡ ਵਰਣ ਫਾਰਮੇਸ਼ਨਜ਼ ਇੰਨ ਦੀ ਮਿੱਡ ਗੈਂਜੇਟਿਕ ਪਲੇਂਸ ਇੰਨ ਐਥਨੋ-ਆਰਕਿਓਲਾਜਿਕਲ ਵਿਊ'** ਵਿੱਚ ਵੀ ਚੁੱਕਿਆ ਅਤੇ ਪਹਿਲਾ ਤੋਂ ਜ਼ਿਆਦਾ ਪੁਰਾਤੱਤਵਿਕ ਅਤੇ ਇਤਿਹਾਸਕ ਸਬੂਤਾਂ ਨਾਲ਼ ਆਪਣੇ ਥੀਸਿਸ ਨੂੰ ਸਿੱਧ ਕੀਤਾ।

ਪ੍ਰੋਫ਼ੈਸਰ ਸ਼ਰਮਾ ਨੇ ਜ਼ਿੰਦਗੀ ਭਰ ਆਪਣੀ ਇਤਿਹਾਸ ਲੇਖਣੀ ਰਾਹੀਂ ਫਿਰਕੂ ਫਾਸੀਵਾਦੀਆਂ ਦਾ ਰਾਹ ਔਖਾ ਬਣਾ ਦਿੱਤਾ। ਖਾਸ ਕਰਕੇ ਜਦੋਂ ਜਨਤਾ ਪਾਰਟੀ ਦੀ ਸਰਕਾਰ ਨੇ ਸੰਘੀ ਦਬਾਅ ਹੇਠ ਉਨ੍ਹਾਂ ਦੀ ਕਿਤਾਬ **'ਐਨਸ਼ਿਅੰਟ ਇੰਡੀਆ'** ਨੂੰ ਸਕੂਲ ਦੇ ਸਿਲੇਬਸ 'ਚੋਂ ਹਟਾਇਆ ਤਾਂ ਉਨ੍ਹਾਂ ਨੇ ਇਸ ਦੇ ਵਿਰੁੱਧ ਇੱਕ ਕਿਤਾਬ ਲਿਖੀ **'ਇਨ ਡਿਫੇਂਸ ਆਫ਼ ਐਨਸ਼ਿਅੰਟ ਇੰਡੀਆ'।** ਇਸ ਤੋਂ ਬਾਅਦ ਪੂਰੇ ਦੇਸ਼ ਦੇ ਅਕੈਡਮਿਕ ਅਤੇ ਬੁੱਧੀਜੀਵੀ ਵਰਗ ਨੇ ਇਤਿਹਾਸ ਦੇ ਫਾਸੀਵਾਦੀਕਰਨ

ਦਾ ਸਖ਼ਤ ਵਿਰੋਧ ਕੀਤਾ ਅਤੇ ਅਖੀਰ 'ਚ ਸਰਕਾਰ ਨੂੰ ਉਨ੍ਹਾਂ ਦੀ ਕਿਤਾਬ ਤੋਂ ਰੋਕ ਹਟਾਉਣੀ ਪਈ। ਇਸ ਤੋਂ ਬਾਅਦ ਉਨ੍ਹਾਂ ਨੇ ਆਰੀਆ ਲੋਕਾਂ ਦੇ ਭਾਰਤੀ ਮੂਲ ਦੇ ਹੋਣ ਦੇ ਕਾਲਪਨਿਕ ਸੰਘੀ ਥੀਸਿਸ ਨੂੰ ਸਬੂਤਾਂ ਸਮੇਤ ਰੱਦ ਕਰਦੇ ਹੋਏ ਦੋ ਕ੍ਰਿਤਾਂ ਲਿਖੀਆਂ **'ਲੁਕਿੰਗ ਫਾਰ ਦਿ ਆਰਿਅਨਜ਼'** (1995) ਅਤੇ **'ਐਡਵੈਂਟ ਆਫ਼ ਦਾ ਆਰਿਅਨਜ਼'** (1999)। 1991 ਵਿੱਚ ਉਨ੍ਹਾਂ ਨੇ ਬਾਬਰੀ ਮਸਜਿਦ ਵਿਵਾਦ 'ਤੇ ਕਿਤਾਬ ਪ੍ਰਕਾਸ਼ਿਤ ਕੀਤੀ, ਜਿਸ ਦਾ ਨਾਮ ਸੀ **'ਰਾਮਜਨਮਭੂਮੀ-ਬਾਬਰੀ ਮਸਜਿਦ: ਏ ਹਿਸਟੋਰਿਅੰਸ ਰਿਪੋਰਟ ਟੂ ਦਿ ਨੇਸ਼ਨ'**। ਇੱਕ ਸਾਲ ਪਹਿਲਾਂ ਹੀ ਉਨ੍ਹਾਂ ਨੇ **'ਕਮਿਊਨਲ ਹਿਸਟਰੀ ਐਂਡ ਰਾਮਾਜ਼ ਅਯੋਧਿਆ'** ਲਿਖਕੇ ਫਿਰਕੂ ਫਾਸੀਵਾਦੀਆਂ ਦੇ ਸਾਰੇ ਦਾਅਵਿਆਂ ਦੀਆਂ ਧੱਜੀਆਂ ਉਡਾ ਦਿੱਤੀਆਂ ਸਨ। ਇਹ ਸਾਰੀਆਂ ਕਿਤਾਬਾਂ ਵਿਦਿਆਰਥੀਆਂ ਵਿੱਚ ਕਾਫ਼ੀ ਹਰਮਨ-ਪਿਆਰੀਆਂ ਹੋ ਗਈਆਂ ਅਤੇ ਇਸ ਨਾਲ਼ ਸੰਘੀ ਹਾਫ਼ਪੈਂਟੀਆਂ ਦੀ ਕਾਫ਼ੀ ਦੁਰਗਤ ਹੋਈ। ਇਹੀ ਕਾਰਨ ਸੀ ਸੰਘੀਆਂ ਨੇ ਪ੍ਰੋਫ਼ੈਸਰ ਸ਼ਰਮਾ ਨੂੰ ਹਮੇਸ਼ਾ ਹੀ ਬੇਹੱਦ ਨਫ਼ਰਤ ਕੀਤੀ।

ਪ੍ਰੋਫ਼ੈਸਰ ਰਾਮ ਸ਼ਰਨ ਸ਼ਰਮਾ ਸਹੀ ਮਾਅਨਿਆਂ ਵਿੱਚ ਐਕਟੀਵਿਸਟ ਇਤਿਹਾਸਕਾਰ, ਲੋਕਾਂ ਦੇ ਇਤਿਹਾਸਕਾਰ ਸਨ। 1972 ਵਿੱਚ **'ਭਾਰਤੀ ਇਤਿਹਾਸ ਖੋਜ ਪਰਿਸ਼ਦ'** ਦੇ ਮੋਢੀ ਮੁਖੀ ਬਣਨ ਤੋਂ ਬਾਅਦ ਉਨ੍ਹਾਂ ਨੇ ਜੋ ਕੰਮ ਕੀਤਾ ਉਹ ਅਸਲ ਵਿੱਚ ਸਲਾਹੁਣਯੋਗ ਹੈ। 1975 ਵਿੱਚ ਭਾਰਤੀ ਇਤਿਹਾਸ ਕਾਂਗਰਸ ਵਿੱਚ ਉਨ੍ਹਾਂ ਨੇ ਘਬਰਾਏ ਹੋਏ ਬੁੱਧੀਜੀਵੀਆਂ ਨੂੰ ਐਮਰਜੈਂਸੀ ਦੇ ਵਿਰੁੱਧ ਮਤਾ ਪਾਸ ਕਰਨ ਲਈ ਰਾਜ਼ੀ ਕੀਤਾ ਅਤੇ ਇਸ ਤਰ੍ਹਾਂ **ਭਾਰਤੀ ਇਤਿਹਾਸ ਕਾਂਗਰਸ** ਨੂੰ ਇਕੱਲੀ ਅਜਿਹੀ ਬੁੱਧੀਜੀਵੀਆਂ ਦੀ ਸੰਸਥਾ ਹੋਣ ਦਾ ਮਾਣ ਹਾਸਲ ਹੈ ਜਿਸ ਨੇ ਉਸ ਦਹਿਸ਼ਤ ਦੇ ਵਿਰੁੱਧ ਅਵਾਜ਼ ਬੁਲੰਦ ਕਰਦੇ ਹੋਏ ਐਮਰਜੈਂਸੀ ਦੇ ਵਿਰੁੱਧ ਮਤਾ ਪਾਸ ਕੀਤਾ। ਇਸ ਤੋਂ ਬਾਅਦ ਉਨ੍ਹਾਂ ਦੀ ਸਕੂਲੀ ਸਿਲੇਬਸ ਵਿੱਚ ਲੱਗੀ ਕਿਤਾਬ **'ਪੁਰਾਤਨ ਭਾਰਤ'** ਨੂੰ ਹਟਾਏ ਜਾਣ ਮਗਰੋਂ ਉਨ੍ਹਾਂ ਨੇ ਭਾਰਤੀ ਇਤਿਹਾਸ ਖੋਜ ਪਰਿਸ਼ਦ ਵੱਲੋਂ ਖੁੱਲ੍ਹੇ ਤੌਰ 'ਤੇ ਸਰਕਾਰ ਵਿਰੁੱਧ ਅਤੇ ਫਿਰਕੂ ਇੱਛਾਵਾਂ ਨੂੰ ਅਸਫਲ ਕਰਨ ਦੀ ਲੜਾਈ ਲੜੀ। 1980 ਦੇ ਦਹਾਕੇ ਦੇ ਅੱਧ ਵਿੱਚ ਭਾਰਤੀ ਇਤਿਹਾਸ ਖੋਜ ਪਰਿਸ਼ਦ ਨੇ ਰਾਮ ਜਨਮਭੂਮੀ ਮਸਲੇ 'ਤੇ ਫਾਸੀਵਾਦੀ ਪਾਗਲਪਣ ਦੇ ਵਿਰੁੱਧ ਅਧਿਕਾਰਿਕ ਤੌਰ 'ਤੇ ਨਿੰਦਾ ਦਾ ਮਤਾ ਪਾਸ ਕੀਤਾ। 1994 'ਚ **ਤੀਜੀ ਸੰਸਾਰ ਪੁਰਾਤਨ ਵਿਗਿਆਨ ਕਾਂਗਰਸ** ਨੇ ਉਨ੍ਹਾਂ ਦੀ ਅਗਵਾਈ ਵਿੱਚ ਬਾਬਰੀ ਮਸਜਿਸ ਦੇ ਅਨਾਦਰ ਦੇ ਵਿਰੁੱਧ ਨਿੰਦਾ ਦਾ ਮਤਾ ਪਾਸ ਕੀਤਾ। ਧਿਆਨ ਦੇਣਯੋਗ ਹੈ ਕਿ ਇਹ ਕਾਂਗਰਸ ਆਮ ਤੌਰ 'ਤੇ ਫਾਸੀਵਾਦੀਆਂ ਨਾਲ਼ ਸਮਝੌਤਿਆਂ ਨਾਲ਼ ਕੰਮ ਚਲਾਉਂਦੀ ਰਹੀ ਸੀ ਪਰ ਪ੍ਰੋਫ਼ੈਸਰ ਸ਼ਰਮਾ ਦੀ ਸਖ਼ਸ਼ੀਅਤ ਦੇ ਦਬਾਅ ਹੇਠਾਂ ਉਹਨੂੰ ਵੀ ਫਾਸੀਵਾਦ-ਵਿਰੋਧੀ ਮਤਾ ਪਾਸ ਕਰਨਾ ਹੀ ਪਿਆ।

ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਜਿੰਨੇ ਵੀ ਪੁਰਸਕਾਰਾਂ ਨਾਲ਼ ਸਨਮਾਨਿਤ ਕੀਤਾ ਗਿਆ ਉਹ ਇੱਕ ਸ਼ਾਨਦਾਰ ਮਨੁੱਖ ਅਤੇ ਇੱਕ ਸ਼ਾਨਦਾਰ ਇਤਿਹਾਸਕਾਰ ਦੇ ਰੂਪ ਵਿੱਚ ਉਨ੍ਹਾਂ ਦੀ ਸਖ਼ਸ਼ੀਅਤ ਦੇ ਸਾਰੇ ਪੱਖਾਂ ਨੂੰ ਉਜਾਗਰ ਨਹੀਂ ਕਰਦੇ। **ਉਹ ਸਕੂਲ ਆਫ਼ ਓਰੀਐਂਟਲ ਐਂਡ ਅਫਰੀਕਨ ਸਟੱਡੀਜ਼, ਲੰਡਨ ਯੂਨੀਵਰਸਿਟੀ ਵਿੱਚ 1959 ਤੋਂ 1964 ਤੱਕ ਵਿਜ਼ਟਿੰਗ ਫੈਲੋ ਸਨ; 1965 ਤੋਂ 1966 ਤੱਕ ਉਹ ਟੋਰਾਂਟੋ ਯੂਨੀਵਰਸਿਟੀ ਵਿੱਚ ਵਿਜ਼ਟਿੰਗ ਪ੍ਰੋਫ਼ੈਸਰ ਸਨ; 1989 ਵਿੱਚ ਉਨ੍ਹਾਂ ਨੂੰ ਜਵਾਹਰ ਲਾਲ ਨਹਿਰੂ ਪੁਰਸਕਾਰ ਅਤੇ 1983 ਵਿੱਚ 'ਏਸ਼ੀਆਟਿਕ ਸੋਸਾਇਟੀ ਆਫ਼ ਮੁੰਬਈ' ਦੁਆਰਾ ਸ਼ਾਨਦਾਰ ਭਾਰਤ-ਸ਼ਾਸਤਰੀਆਂ ਨੂੰ ਦਿੱਤਾ ਜਾਂਦਾ ਕੈਮਪਬੇਲ ਮੈਮੋਰੀਅਲ ਸੋਨ-ਤਮਗਾ ਦਿੱਤਾ ਗਿਆ; 2001 ਵਿੱਚ ਉਨ੍ਹਾਂ ਨੂੰ ਕਲਕੱਤਾ ਦੀ ਏਸ਼ੀਆਟਿਕ ਸੋਸਾਇਟੀ ਦੁਆਰਾ ਸ਼ਾਨਦਾਰ ਇਤਿਹਾਸਕਾਰਾਂ ਨੂੰ ਦਿੱਤਾ ਜਾਂਦਾ ਪੁਰਸਕਾਰ ਹੇਮਚੰਦਰ ਰਾਇ ਚੌਧਰੀ ਜਨਮਸਦੀ ਸੋਨ-ਤਮਗਾ ਦਿੱਤਾ ਗਿਆ। ਭਾਰਤੀ ਇਤਿਹਾਸ ਕਾਂਗਰਸ ਨੇ ਉਨ੍ਹਾਂ ਨੂੰ ਜ਼ਿੰਦਗੀ ਭਰ ਭਾਰਤੀ ਇਤਿਹਾਸ ਲੇਖਣੀ ਨੂੰ ਦਿੱਤੇ ਬੇਮਿਸਾਲ ਯੋਗਦਾਨ ਲਈ ਵੀ. ਕੇ. ਰਾਜਵੜੇ ਕੌਮੀ ਪੁਰਸਕਾਰ ਦਿੱਤਾ; ਬਰਦਵਾਨ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਡੀ. ਲਿਟ (ਆਨਰਜ਼ ਕੌਜਾ) ਭੇਂਟ ਕੀਤੀ ਅਤੇ ਸਾਰਨਾਥ ਦੀ ਉੱਚ ਕੋਟੀ ਦੀ ਤਿੱਬਤੀ ਅਧਿਐਨ ਕੇਂਦਰੀ ਸੰਸਥਾ ਨੇ ਵੀ ਇਹੀ ਪਦਵੀ ਭੇਂਟ ਕੀਤੀ। ਪਟਨਾ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਪ੍ਰੋਫ਼ੈਸਰ ਏਮਿਰੇਟਸ ਦੀ ਪਦਵੀ ਦੇ ਰੱਖੀ ਸੀ। ਉਨ੍ਹਾਂ ਨੂੰ ਭਾਰਤ ਵਿੱਚ ਵਿਗਿਆਨ ਦੇ ਇਤਿਹਾਸ 'ਤੇ ਕੌਮੀ ਕਮਿਸ਼ਨ ਦਾ ਸ਼ਾਨਦਾਰ ਮੈਂਬਰ ਐਲਾਨਿਆ ਗਿਆ ਅਤੇ ਨਾਲ਼ ਹੀ ਉਹ ਭਾਰਤੀ ਉਪ-ਮਹਾਂਦੀਪ ਵਿੱਚ ਸੱਭਿਅਤਾ ਦੇ ਇਤਿਹਾਸ 'ਤੇ ਖੋਜ ਕਰਨ ਵਾਲ਼ੀ ਯੂਨੈਸਕੋ ਦੀ ਕਮੇਟੀ ਦੇ ਵੀ ਸ਼ਾਨਦਾਰ ਮੈਂਬਰ ਸਨ।** ਇਸ ਸੂਚੀ ਨੂੰ ਹੋਰ ਲੰਮਾ ਕੀਤਾ ਜਾ ਸਕਦਾ ਹੈ ਪਰ ਉਹ ਇੱਕ ਸ਼ਾਨਦਾਰ ਅਕੈਡਮਿਕ ਦੀ ਸਖ਼ਸ਼ੀਅਤ ਦੇ ਸਾਰੇ ਗੁਣਾਂ ਨੂੰ ਮਾਪਣ ਲਈ ਕਾਫ਼ੀ ਨਹੀਂ ਹੋਵੇਗਾ। ਮਰਨ ਤੋਂ ਕੁਝ ਚਿਰ ਪਹਿਲਾਂ ਜਦੋਂ ਉਹ ਠੀਕ ਢੰਗ ਨਾਲ਼ ਬੋਲ ਵੀ ਨਹੀਂ ਸਕਦੇ ਸਨ, ਤਾਂ ਉਨ੍ਹਾਂ ਨੇ ਇੱਕ ਕਿਤਾਬ ਲਿਖੀ ਜਿਹੜੀ 2011 ਵਿੱਚ ਹੀ ਵੀਵਾ ਬੁਕਸ ਨੇ ਛਾਪੀ ਹੈ: **'ਇਕਨਾਮਿਕ ਹਿਸਟਰੀ ਆਫ਼ ਅਰਲੀ ਇੰਡੀਆ'**। ਏਸੇ ਗੱਲ ਤੋਂ ਉਨ੍ਹਾਂ ਦੀ ਸਖ਼ਸ਼ੀਅਤ ਦੀ ਇੱਕ ਝਲਕ ਮਿਲਦੀ ਹੈ।

ਪ੍ਰੋਫ਼ੈਸਰ ਰਾਮ ਸ਼ਰਨ ਸ਼ਰਮਾ ਦਾ ਚੱਲ ਵੱਸਣਾ ਭਾਰਤੀ ਇਤਿਹਾਸ ਲੇਖਣੀ ਲਈ ਕਦੇ ਨਾ ਪੂਰੀ ਕੀਤੀ ਜਾ ਸਕਣ ਵਾਲ਼ੀ ਘਾਟ ਹੈ। **ਪਰ ਕੁਝ ਹੀ ਮਨੁੱਖ ਹੁੰਦੇ ਹਨ ਜੋ ਆਪਣੀ ਜ਼ਿੰਦਗੀ ਦੇ ਦੌਰਾਨ ਆਪਣੇ ਖੇਤਰ ਦਾ ਢਾਂਚਾ ਅਤੇ ਉਸ ਦੀ ਹੱਦ ਨੂੰ ਪਰਿਭਾਸ਼ਤ ਕਰਦੇ ਹਨ। ਪ੍ਰੋਫ਼ੈਸਰ ਸ਼ਰਮਾ ਅਜਿਹੇ ਹੀ ਵਿਅਕਤੀ ਸਨ।** ਉਹ ਜਦੋਂ ਤੱਕ ਜਿਉਂਦੇ ਰਹੇ, ਉਨ੍ਹਾਂ ਨੇ ਭਾਰਤੀ ਪੁਰਾਤਨ ਇਤਿਹਾਸ ਦੀ ਲੇਖਣੀ ਦੇ ਰੁਖ਼ ਨੂੰ ਪਰਿਭਾਸ਼ਿਤ ਕੀਤਾ। **ਉਨ੍ਹਾਂ ਦੀ ਦੇਣ ਸਿਰਫ਼ ਇਤਿਹਾਸਕ ਖੋਜ ਦੇ ਪੱਧਰ ਉੱਤੇ ਨਹੀਂ ਸੀ, ਸਗੋਂ ਇਤਿਹਾਸ ਲੇਖਣੀ ਦੀ ਪਹੁੰਚ ਅਤੇ ਤਰੀਕਾਕਾਰ ਦੇ ਪੱਧਰ 'ਤੇ ਵੀ ਸੀ।** ਅਤੇ ਇਹੀ ਉਹ ਚੀਜ਼ ਹੈ ਜਿਹੜੀ ਉਨ੍ਹਾਂ ਨੂੰ ਮਹਾਨ ਇਤਿਹਾਸਕਾਰ ਬਣਾਉਂਦੀ ਹੈ ਅਤੇ ਇਸ ਮਾਮਲੇ ਵਿੱਚ ਉਨ੍ਹਾਂ ਨੂੰ **ਡੀ. ਡੀ. ਕੋਸਾਂਬੀ, ਗਾਰਡਨ ਚਾਈਲਡ, ਹੈਨਰੀ ਪਿਰੇਨ, ਈ. ਪੀ. ਥਾਮਸਨ, ਮਾਰਕ ਬਲਾਕ, ਕ੍ਰਿਸਟੋਫਰ ਹਿਲ, ਜਿਓਫਰੀ ਸਟੇਡੀਕ੍ਰੋਆ, ਏਰਿਕ ਹਾਬਸਬਾਮ** ਆਦਿ ਵਰਗੇ ਕੌਮਾਂਤਰੀ ਪੱਧਰ ਦੇ ਇਤਿਹਾਸਕਾਰਾਂ ਦੀ ਲਾਈਨ ਵਿੱਚ ਖੜ੍ਹਾ ਕਰਦੀ ਹੈ। ਅਜਿਹੇ ਸ਼ਾਨਦਾਰ ਮਨੁੱਖ ਅਤੇ ਮਾਰਕਸਵਾਦੀ ਇਤਿਹਾਸਕਾਰ ਨੂੰ ਸਾਡੀ ਹਾਰਦਿਕ ਸ਼ਰਧਾਂਜਲੀ।●

* * * * * *

3 ਮਾਰਚ - ਡਾ. ਨਾਰਮਨ ਬੇਥਿਊਨ ਦੇ ਜਨਮਦਿਨ ’ਤੇ।

ਜ਼ਖਮ

(ਇਹ ਸ਼ਾਨਦਾਰ ਲਿਖਤ ਕਿਰਤੀ ਲੋਕਾਂ ਦੇ ਨਾਇਕ ਡਾ. ਨਾਰਮਨ ਬੇਥਿਊਨ ਦੀ ਲਿਖੀ ਹੋਈ ਹੈ। ਡਾ. ਨਾਰਮਨ ਬੇਥਿਊਨ ੧੮੯੦ ’ਚ ਕੇਨੇਡਾ ’ਚ ਪੈਦਾ ਹੋਏ ਤੇ ਕਿੱਤੇ ਪੱਖੋਂ ਸਰਜਨ ਸਨ। ਉਹਨਾਂ ਦੇ ਦਿਲ ’ਚ ਮਨੁੱਖਤਾ ਦੇ ਪਿਆਰ ਦੀ ਚਿੰਗਾੜੀ ਅਤੇ ਆਮ ਲੋਕਾਂ ਦੇ ਸੰਘਰਸ਼ਾਂ ਪ੍ਰਤੀ ਅਸੀਮ ਲਗਾਅ ਸੀ। ਇਸ ਕਾਰਨ ਉਹ ੧੯੩੬ ਵਿੱਚ ਪਹਿਲਾਂ ਡਾਕਟਰਾਂ ਦੀ ਟੀਮ ਦੇ ਮੈਂਬਰ ਵਜੋਂ ਸਪੇਨੀ ਘਰੇਲੂ ਜੰਗ ਵਿੱਚ ਫਾਸੀਵਾਦੀਆਂ ਖਿਲਾਫ਼ ਮੋਰਚੇ ’ਤੇ ਡਟੇ ਰਹੇ ਅਤੇ ਫਿਰ ਇੱਕ ਸਾਲ ਬਾਅਦ ਮਾਓ ਜ਼ੇ-ਤੁੰਗ ਦੀ ਅਗਵਾਈ ’ਚ ਜਪਾਨੀ ਹਮਲਾਵਰਾਂ ਦੇ ਖਿਲਾਫ਼ ਚੱਲ ਰਹੇ ਚੀਨੀ ਲੋਕ-ਯੁੱਧ ’ਚ ਮੁਕਤੀ ਫੌਜ ਨਾਲ਼ ਮੋਰਚੇ ਸੰਭਾਲ ਲਏ। ਉਹ ਨਾ ਸਿਰਫ਼ ਇੱਕ ਸ਼ਾਨਦਾਰ ਕਮਿਊਨਿਸਟ ਸਨ, ਸਗੋਂ ਇੱਕ ਲਾਮਿਸਾਲ ਡਾਕਟਰ ਵੀ ਸਨ। ਮੈਡੀਕਲ ਖਿੱਤੇ ਦੀਆਂ ਕਈ ਖੋਜਾਂ ਉਹਨਾਂ ਦੇ ਨਾਂ ਹਨ। ਇਸ ਤੋਂ ਬਿਨਾਂ ਉਹਨਾਂ ਨੇ ਕਵਿਤਾਵਾਂ ਵੀ ਲਿਖੀਆਂ ਤੇ ਚਿੱਤਰਕਾਰੀ ਵੀ ਕੀਤੀ। ਇਸ ਮੋਰਚੇ ’ਤੇ ਹੀ ਇੱਕ ਆਪਰੇਸ਼ਨ ਦੌਰਾਨ ਉਹਨਾਂ ਦੇ ਬਲੇਡ ਲੱਗ ਗਿਆ ਅਤੇ ਇਨਫੈਕਸ਼ਨ ਦੇ ਖ਼ੂਨ ’ਚ ਫੈਲ ਜਾਣ ਕਾਰਨ ੧੨ ਨਵੰਬਰ, ੧੯੩੯ ਨੂੰ ਉਹਨਾਂ ਦੀ ਮੌਤ ਹੋ ਗਈ। ਇਹ ਲਿਖਤ ਉਹਨਾਂ ਨੇ ਮੌਤ ਤੋਂ ਕੁਝ ਸਮਾਂ ਪਹਿਲਾਂ ਲਿਖੀ, ਜਿਸ ਵਿੱਚ ਉਹਨਾਂ ਦੇ ਮਨ ’ਚ ਮਨੁੱਖਤਾ ਨੂੰ ਜ਼ਖਮ ਦੇਣ ਵਾਲ਼ਿਆਂ ਪ੍ਰਤੀ ਤਿੱਖੀ ਨਫ਼ਰਤ ਦਾ ਇਜ਼ਹਾਰ ਹੁੰਦਾ ਹੈ। ਇਹ ਲਿਖਤ ਅੱਜ ਵੀ ਪ੍ਰਸੰਗਕ ਹੈ ਕਿਉਂਕਿ ਲੋਟੂ ਜਮਾਤਾਂ ਜੰਗਾਂ ਦੌਰਾਨ ਅਤੇ ਆਮ ਹਾਲਤਾਂ ਵਿੱਚ ਵੀ, ਦੇਸ਼-ਭਗਤੀ ਤੇ ਦੇਸ਼ ਦੇ ਮਾਣ-ਸਨਮਾਨ ਦੀ ਦੁਹਾਈ ਦੇ ਕੇ ਵੱਖ-ਵੱਖ ਦੇਸ਼ਾਂ ਦੇ ਕਿਰਤੀ ਲੋਕਾਂ ਨੂੰ ਇੱਕ ਦੂਜੇ ਵਿਰੁੱਧ ਖੜਾ ਕਰਦੀਆਂ ਹਨ, ਮਨੁੱਖਤਾ ਦਾ ਘਾਣ ਕਰਦੀਆਂ ਹਨ ਅਤੇ ਆਪਣੇ ਲਈ ਮੋਟੇ ਮੁਨਾਫ਼ੇ ਕੁੱਟਦੀਆਂ ਹਨ। - ਸੰਪਾਦਕ)

ਲਗਾਤਾਰ ਭਿਣਭਿਣਾਉਣ ਦੀ ਅਵਾਜ਼ ਕਰਦਾ ਹੋਇਆ ਸ਼ਹਿਦ ਦੀਆਂ ਮੱਖੀਆਂ ਦੇ ਜਗਮਗਾਉਂਦੇ ਛੱਤੇ ਦੀ ਤਰ੍ਹਾਂ ਲੱਗਦਾ ਸਿਰਾਂ ਉੱਪਰ ਲਮਕ ਰਿਹਾ ਮਿੱਟੀ ਦੇ ਤੇਲ ਵਾਲ਼ਾ ਲੈਂਪ। ਗਾਰੇ ਨਾਲ਼ ਲਿੱਪੀਆਂ ਕੰਧਾਂ, ਗਾਰੇ ਨਾਲ਼ ਲਿੱਪਿਆ ਫਰਸ਼, ਗਾਰੇ ਨਾਲ਼ ਲਿੱਪਿਆ ਬੈੱਡ। ਚਿੱਟੇ ਕਾਗਜ਼ ਨਾਲ਼ ਢੱਕੀਆਂ ਖਿੜਕੀਆਂ। ਖ਼ੂਨ ਅਤੇ ਕਲੋਰੋਫਾਰਮ ਦੀ ਗੰਧ। ਠੰਢ। ਸਵੇਰ ਦੇ ਤਿੰਨ ਵਜੇ, ਇੱਕ ਦਸੰਬਰ, ਅੱਠਵੀਂ ਰੂਟ ਆਰਮੀ ਨਾਲ਼ ਲਿਨ ਚੂ ਦੇ ਨੇੜੇ ਉੱਤਰੀ ਚੀਨ ਵਿੱਚ। ਜ਼ਖਮੀ ਹੋਏ ਆਦਮੀ।

ਕਾਲ਼ੀ–ਭੂਰੀ ਮਿੱਟੀ ਨਾਲ਼ ਕੱਜੇ ਹੋਏ ਸੁੱਕ ਚੁੱਕੇ ਛੋਟੇ ਤਲਾਬਾਂ ਵਰਗੇ ਜ਼ਖਮ; ਕਾਲ਼ੇ ਗਲ਼ ਚੁੱਕੇ ਮਾਸ ਦੀ ਝਾਲਰ ਲੱਗੇ ਚਿਥੜੇ ਹੋਏ ਕਿਨਾਰਿਆਂ ਵਾਲ਼ੇ ਜ਼ਖਮ; ਮਾਸਪੇਸ਼ੀਆਂ ਦੇ ਇਰਦ–ਗਿਰਦ ਤੇ ਵਿਚਕਾਰ ਤੱਤੇ ਪਾਣੀ ਦੀ ਧਾਰ ਵਾਂਗ, ਕਿਸੇ ਬੰਨ੍ਹ–ਮਾਰੇ ਦਰਿਆ ਦੀ ਤਰ੍ਹਾਂ ਮਾਸਪੇਸ਼ੀਆਂ ਦੇ ਦੁਆਲੇ ਤੇ ਉਹਨਾਂ ਦੇ ਵਿੱਚ ਘੁਸਦੀ ਪੀਕ ਦੇ ਭਰੇ ਫੋੜੇ ਨੂੰ ਆਪਣੇ ਥੱਲੇ ਲੁਕਾਈ ਬੈਠੇ ਉੱਪਰੋਂ ਸਾਫ਼ ਦਿਖਦੇ ਜ਼ਖਮ; ਸੜ ਰਹੇ ਸਜਾਵਟੀ ਬਗੀਚੇ ਜਾਂ ਬੁਰੀ ਤਰ੍ਹਾਂ ਕੁਚਲੇ ਰੰਗੀਨ ਬੂਟਿਆਂ ਵਰਗੇ ਮਾਸ ਦੇ ਭਿਅੰਕਰ ਫੁੱਲਾਂ ਜਿਹੇ ਲਗਾਤਾਰ ਵੱਡੇ ਹੁੰਦੇ ਜਾ ਰਹੇ ਜ਼ਖਮ; ਜ਼ਖਮ ਜਿਹਨਾਂ ’ਚੋਂ ਬਹੁਤ ਕਲਹਿਣੇ ਸੰਕੇਤ ਦਿੰਦੇ ਗੈਸ ਦੇ ਬੁਲਬਲਿਆਂ ’ਚ ਰਲੇ ਗਹਿਰੇ ਕਾਲ਼ੇ ਰੰਗ ਦੇ ਖ਼ੂਨ ਦੇ ਥੱਕੇ ਜੋ ਦੇਰ ਤੱਕ ਨਿੱਕਲ ਰਹੇ ਤਾਜ਼ਾ ਖ਼ੂਨ ’ਚ ਤੈਰ ਰਹੇ ਹਨ।

ਖ਼ੂਨ ਨਾਲ਼ ਚਮੜੀ ਨੂੰ ਚਿੰਬੜੀਆਂ ਪੁਰਾਣੀਆਂ ਗੰਦੀਆਂ ਪੱਟੀਆਂ। ਸਾਵਧਾਨ। ਪਹਿਲਾਂ ਇਹਨਾਂ ਨੂੰ ਪਾਣੀ ਨਾਲ਼ ਗਿੱਲਾ ਕਰਨਾ ਬਿਹਤਰ ਹੈ। ਪੱਟ ਨੂੰ ਹੱਥ ਪਾਉ। ਲੱਤ ਨੂੰ ਚੁੱਕੋ। ਇਹ ਇੱਕ ਵੱਡੀ, ਢਿੱਲੀ–ਢਾਲੀ ਲਾਲ ਜੁਰਾਬ ਜਿਹੀ ਕਿਉਂ ਹੈ? ਕਿਹੋ ਜਿਹੀ ਜੁਰਾਬ? ਇੱਕ ਕ੍ਰਿਸਮਸ ਜੁਰਾਬ। ਹੁਣ ਉਹ ਸੁੰਦਰ, ਮਜਬੂਤ ਹੱਡੀ ਕਿੱਥੇ ਹੈ? ਦਰਜਨਾਂ ਟੋਟੇ ਹੋ ਗਏ ਨੇ ਉਸਦੇ। ਉਹਨਾਂ ਨੂੰ ਆਪਣੀਆਂ ਉਂਗਲਾਂ ਨਾਲ਼ ਬਾਹਰ ਕੱਢੋ; ਕੁੱਤੇ ਦੇ ਦੰਦਾਂ ਵਾਂਗ ਚਿੱਟੇ, ਤਿੱਖੇ ਤੇ ਦੰਦੇਦਾਰ। ਹੁਣ ਦੇਖੋ। ਕੋਈ ਬਾਕੀ ਤਾਂ ਨਹੀਂ ਰਹਿ ਗਿਆ? ਹਾਂ, ਇੱਥੇ। ਸਾਰੇ? ਹਾਂ, ਨਹੀਂ। ਇੱਥੇ ਇੱਕ ਹੋਰ ਟੁਕੜਾ। ਕੀ ਇਹ ਮਾਸਪੇਸ਼ੀ ਮਰ ਚੁੱਕੀ ਹੈ? ਚੂੰਡੀ ਭਰ ਕੇ ਦੇਖੋ। ਹਾਂ, ਇਹ ਖਤਮ ਹੈ। ਇਸਨੂੰ ਕੱਟ ਕੇ ਕੱਢ ਦਿਓ। ਇਹ ਠੀਕ ਕਿਵੇਂ ਹੋਣਗੇ? ਉਹ ਮਾਸਪੇਸ਼ੀਆਂ ਜਿਹੜੀਆਂ ਕਦੇ ਇੰਨੀਆਂ ਮਜ਼ਬੂਤ ਸਨ, ਹੁਣ ਇੰਨੀਆਂ ਚਿਥੜੇ ਹੋਈਆਂ, ਇੰਨੀਆਂ ਤਬਾਹ ਹੋ ਚੁੱਕੀਆਂ, ਇੰਨੀਆਂ ਮਰ ਚੁੱਕੀਆਂ, ਕਿਵੇਂ ਦੋਬਾਰਾ ਆਪਣਾ ਮਾਣਮੱਤਾ ਤਣਾਅ ਹਾਸਲ ਕਰਨਗੀਆਂ? ਜ਼ੋਰ, ਢਿੱਲਾ। ਜ਼ੋਰ, ਢਿੱਲਾ। ਕਿੰਨਾ ਕਮਾਲ ਸੀ ਇਹ ਕਦੇ! ਹੁਣ ਸਭ ਖਤਮ ਹੋ ਚੁੱਕਾ ਹੈ। ਹੁਣ ਕੁਝ ਨਹੀਂ ਰਿਹਾ। ਹੁਣ ਅਸੀਂ ਬਰਬਾਦ ਹੋ ਚੁੱਕੇ ਹਾਂ। ਹੁਣ ਅਸੀਂ ਆਪਣਾ ਕੀ ਕਰਾਂਗੇ?

ਅਗਲਾ। ਕਿੰਨਾ ਸੋਹਣਾ ਬੱਚਾ! ਸਤਾਰਾਂ ਵਰ੍ਹੇ। ਢਿੱਡ ’ਚ ਗੋਲ਼ੀ ਲੱਗੀ ਹੈ। ਕਲੋਰੋਫਾਰਮ। ਤਿਆਰ? ਪੇਟ ਨੂੰ ਚੀਰਾ ਦੇਣ ’ਤੇ ਗੈਸ ਪੂਰੇ ਜ਼ੋਰ ਨਾਲ਼ ਬਾਹਰ ਨਿਕਲਦੀ ਹੈ। ਪਖਾਨੇ ਦੀ ਦੁਰਗੰਧ। ਫੁੱਲੀ ਹੋਈ ਅੰਤੜੀ ਦੇ ਗੁਲਾਬੀ ਕੁੰਡਲ। ਚਾਰ ਸੁਰਾਖ। ਉਹਨਾਂ ਨੂੰ ਬੰਦ

ਕਰੋ। ਟਾਂਕੇ ਲਾ ਕੇ ਬੰਦ ਕਰੋ। ਪੇਟ ਦੇ ਹੇਠਲੇ ਹਿੱਸੇ ਨੂੰ ਸਾਫ਼ ਕਰੋ। ਨਾਲ਼ੀ। ਤਿੰਨ ਨਾਲ਼ੀਆਂ। ਬੰਦ ਕਰਨਾ ਮੁਸ਼ਕਿਲ ਹੋ ਰਿਹਾ ਹੈ। ਉਸਨੂੰ ਗਰਮ ਰੱਖੋ। ਪਰ ਕਿਵੇਂ ? ਇਹਨਾਂ ਇੱਟਾਂ ਨੂੰ ਤੱਤੇ ਪਾਣੀ 'ਚ ਰੱਖੋ।

ਗੈਂਗਰੀਨ ਇੱਕ ਬਹੁਤ ਹੀ ਚਲਾਕ, ਵੇਲ ਵਾਂਗ ਵਧਣ ਵਾਲ਼ੀ ਸ਼ੈਅ ਹੈ। ਕੀ ਉਹ ਜਿਉਂਦਾ ਹੈ ? ਹਾਂ, ਉਹ ਜਿਉਂਦਾ ਹੈ। ਤਕਨੀਕੀ ਤੌਰ 'ਤੇ ਕਿਹਾ ਜਾਵੇ ਤਾਂ ਉਹ ਜਿਉਂਦਾ ਹੈ। ਉਸਨੂੰ ਨਾੜ ਰਾਹੀਂ ਗਲੂਕੋਜ਼ ਦਿਉ। ਸ਼ਾਇਦ ਉਸਦੇ ਸਰੀਰ ਦੇ ਅਨਗਿਣਤ, ਛੋਟੇ-ਛੋਟੇ ਸੈੱਲ ਯਾਦ ਕਰਨਗੇ। ਸ਼ਾਇਦ ਉਹ ਆਪਣਾ ਪੂਰਵਜ ਘਰ, ਆਪਣੀ ਪਹਿਲੀ ਖੁਰਾਕ, ਗਰਮ ਲੂਣਾ ਸਮੁੰਦਰ ਯਾਦ ਕਰਨ। ਆਪਣੀਆਂ ਲੱਖਾਂ ਸਾਲਾਂ ਦੀਆਂ ਯਾਦਾਂ ਦੇ ਸਦਕਾ, ਸ਼ਾਇਦ ਉਹ ਹੋਰ ਬਹੁਤ ਸਾਰੀਆਂ ਸਮੁੰਦਰੀ ਲਹਿਰਾਂ, ਹੋਰ ਬਹੁਤ ਸਾਰੇ ਸਾਗਰ ਅਤੇ ਸਾਗਰ ਤੇ ਧੁੱਪ 'ਚੋਂ ਜੀਵਨ ਦੇ ਪੈਦਾ ਹੋਣ ਨੂੰ ਯਾਦ ਕਰਨ। ਹੋ ਸਕਦਾ ਹੈ ਇਹ ਸਭ ਉਹਨਾਂ ਨੂੰ ਇੱਕ ਵਾਰ ਫਿਰ ਆਪਣੇ ਥੱਕੇ ਸਿਰਾਂ ਨੂੰ ਚੁੱਕਣ 'ਚ ਮਦਦ ਕਰੇ, ਉਹ ਵੱਡੀਆਂ ਘੁੱਟਾਂ ਭਰਨ ਤੇ ਦੋਬਾਰਾ ਜ਼ਿੰਦਗੀ 'ਚ ਵਾਪਸ ਆ ਜਾਣ। ਅਜਿਹਾ ਹੋ ਸਕਦਾ ਹੈ।

ਅਤੇ ਇਹ। ਕੀ ਉਹ ਅਗਲੇ ਕਟਾਈ ਦੇ ਮੌਸਮ 'ਚ ਇੱਕ ਵਾਰ ਫਿਰ ਆਨੰਦ ਤੇ ਖੁਸ਼ੀ ਵਿੱਚ ਚੀਕਾਂ ਮਾਰਦਾ ਹੋਇਆ ਆਪਣੇ ਖੱਚਰ ਨਾਲ਼ ਸੜਕ 'ਤੇ ਦੌੜ ਸਕੇਗਾ ? ਨਹੀਂ, ਉਹ ਹੁਣ ਕਦੇ ਵੀ ਦੌੜ ਨਹੀਂ ਸਕੇਗਾ। ਤੁਸੀਂ ਇੱਕੋ ਲੱਤ ਨਾਲ਼ ਕਿਵੇਂ ਦੌੜ ਸਕਦੇ ਹੋ ? ਉਹ ਕੀ ਕਰੇਗਾ ? ਕਿਉਂ, ਉਹ ਬੈਠ ਕੇ ਦੂਜੇ ਮੁੰਡਿਆਂ ਨੂੰ ਨੱਠਦੇ-ਭੱਜਦੇ ਦੇਖੇਗਾ। ਉਹ ਕੀ ਸੋਚੇਗਾ ? ਉਹ ਉਹੀ ਸੋਚੇਗਾ, ਜੋ ਤੁਸੀਂ ਜਾਂ ਮੈਂ ਸੋਚਣਾ ਸੀ। ਇਸ ਤਰਸ ਵਿੱਚ ਕੀ ਚੰਗਿਆਈ ਹੈ ? ਉਸ 'ਤੇ ਤਰਸ ਨਾ ਖਾਉ। ਤਰਸ ਉਸਦੀ ਕੁਰਬਾਨੀ ਨੂੰ ਛੁਟਿਆਏਗਾ। ਉਸਨੇ ਅਜਿਹਾ ਚੀਨ ਦੀ ਰੱਖਿਆ ਲਈ ਕੀਤਾ ਹੈ। ਆਪਣੀਆਂ ਬਾਹਾਂ ਨਾਲ਼ ਉਸਦੀ ਮਦਦ ਕਰੋ। ਉਹ ਇੱਕ ਬੱਚੇ ਦੀ ਤਰ੍ਹਾਂ ਹਲਕਾ ਕਿਉਂ ਹੈ ! ਹਾਂ, ਤੁਹਾਡਾ ਬੱਚਾ, ਮੇਰਾ ਬੱਚਾ।

ਸਰੀਰ ਕਿੰਨਾ ਸੁੰਦਰ ਹੈ; ਇਸਦੇ ਅੰਗ ਕਿੰਨੇ ਸ਼੍ਰੇਸ਼ਠ ਹਨ; ਕਿੰਨੀ ਸੂਖਮਤਾ ਤੇ ਸਟੀਕਤਾ ਨਾਲ਼ ਇਹ ਗਤੀਸ਼ੀਲ ਹੁੰਦੇ ਹਨ; ਕਿੰਨੇ ਆਗਿਆਕਾਰੀ; ਮਾਣਮੱਤੇ ਤੇ ਮਜਬੂਤ। ਜਦੋਂ ਚਿਥੜੇ ਹੋ ਜਾਂਦੇ ਹਨ ਤਾਂ ਕਿੰਨੇ ਭਿਆਨਕ। ਜੀਵਨ ਦੀ ਇਹ ਨੰਨ੍ਹੀ ਲਾਟ ਧੀਮੀ, ਹੋਰ ਧੀਮੀ ਹੁੰਦੀ ਜਾਂਦੀ ਹੈ, ਅਤੇ ਇੱਕ ਠੋਕਰ ਨਾਲ਼ ਬੁਝ ਜਾਂਦੀ ਹੈ। ਇਹ ਇੱਕ ਮੋਮਬੱਤੀ ਦੀ ਤਰ੍ਹਾਂ ਬੁਝ ਜਾਂਦੀ ਹੈ। ਚੁੱਪਚਾਪ ਤੇ ਹੌਲੇ ਜੇਹੇ। ਇਹ ਬੁਝਣ ਤੋਂ ਪਹਿਲਾਂ ਵਿਰੋਧ ਕਰਦੀ ਹੈ ਤੇ ਫਿਰ ਹਾਰ ਮੰਨਦੀ ਹੈ। ਇਹ ਆਪਣੀ ਗੱਲ ਕਹਿੰਦੀ ਹੈ, ਉਸਤੋਂ ਬਾਅਦ ਚੁੱਪ ਹੋ ਜਾਂਦੀ ਹੈ।

ਹੋਰ ਕੋਈ ? ਚਾਰ ਜਪਾਨੀ ਕੈਦੀ। ਉਹਨਾਂ ਨੂੰ ਅੰਦਰ ਲੈ ਕੇ ਆਉ। ਪੀੜਾ ਦੇ ਇਸ ਸਮੁਦਾਇ 'ਚ ਕੋਈ ਵੀ ਦੁਸ਼ਮਣ ਨਹੀਂ ਹੈ। ਖ਼ੂਨ ਨਾਲ਼ ਲੱਥ-ਪੱਥ ਵਰਦੀ ਨੂੰ ਕੱਟ ਕੇ ਲਾਹ ਦਿਉ। ਖ਼ੂਨ ਵਹਿਣਾ ਬੰਦ ਕਰੋ। ਇਹਨਾਂ ਨੂੰ ਦੂਸਰਿਆਂ ਨਾਲ਼ ਲਿਟਾ ਦਿਉ। ਕਿਉਂ, ਉਹ ਸਾਰੇ ਭਰਾਵਾਂ ਵਾਂਗ ਹੀ ਹਨ ! ਕੀ ਮਨੁੱਖਾਂ ਨੂੰ ਮਾਰਨਾ ਇਹਨਾਂ ਸਿਪਾਹੀਆਂ ਦਾ ਪੇਸ਼ਾ ਹੈ ? ਨਹੀਂ, ਇਹ ਹਥਿਆਰਬੰਦ ਗੈਰ-ਪੇਸ਼ੇਵਰ ਹਨ। ਇਹ ਕਿਰਤੀਆਂ ਦੇ ਹੱਥ ਹਨ। ਇਹ ਵਰਦੀਧਾਰੀ ਕਿਰਤੀ ਹਨ।

ਹੋਰ ਕੋਈ ਨਹੀਂ। ਸਵੇਰ ਦੇ ਛੇ ਵੱਜੇ ਹਨ। ਓ ਰੱਬਾ, ਇਸ ਕਮਰੇ 'ਚ ਕਿੰਨੀ ਠੰਢ ਹੈ। ਦਰਵਾਜ਼ਾ ਖੋਲੋ। ਪੂਰਬ 'ਚ ਦੂਰ ਗੂੜ੍ਹੇ ਨੀਲੇ ਪਹਾੜਾਂ ਦੇ ਉੱਤੇ ਰੋਸ਼ਨੀ ਦੀ ਇੱਕ ਧੁੰਦਲੀ, ਫਿੱਕੀ ਕਿਰਨ ਪ੍ਰਗਟ ਹੋ ਚੁੱਕੀ ਹੈ। ਇੱਕ ਘੰਟੇ 'ਚ ਸੂਰਜ ਚੜ੍ਹ ਆਵੇਗਾ। ਬਿਸਤਰੇ 'ਚ ਚੱਲੀਏ ਤੇ ਸੌਂ ਲਈਏ।

ਪਰ ਨੀਂਦ ਆਵੇਗੀ ਨਹੀਂ। ਇਹਨਾਂ ਸਾਰੇ ਕਸ਼ਟਾਂ ਜ਼ੁਲਮਾਂ ਦੇ, ਇਸ ਮੂਰਖਤਾ ਦੇ ਪਿੱਛੇ ਕਾਰਨ ਕੀ ਹੈ ? ਜਾਪਾਨ ਦੇ ਲੱਖਾਂ ਕਿਰਤੀ ਚੀਨ ਦੇ ਲੱਖਾਂ ਕਿਰਤੀਆਂ ਨੂੰ ਮਾਰਨ, ਕਤਲ ਕਰਨ ਆ ਧਮਕੇ ਹਨ। ਇੱਕ ਜਪਾਨੀ ਕਿਰਤੀ ਨੂੰ ਆਪਣੇ ਹੀ ਕਿਰਤੀ ਭਰਾ 'ਤੇ ਹਮਲਾ ਕਿਉਂ ਕਰਨਾ ਚਾਹੀਦਾ ਹੈ, ਜਿਹੜਾ ਆਪਣੀ ਰੱਖਿਆ ਕਰਨ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ। ਕੀ ਜਪਾਨੀ ਕਿਰਤੀ ਨੂੰ ਚੀਨੀ ਕਿਰਤੀ ਦੀ ਮੌਤ ਨਾਲ਼ ਕੁਝ ਵੀ ਲਾਭ ਮਿਲਣ ਵਾਲ਼ਾ ਹੈ ? ਨਹੀਂ, ਉਹਨੂੰ ਕੋਈ ਲਾਭ ਕਿਵੇਂ ਮਿਲ ਸਕਦਾ ਹੈ ? ਫਿਰ, ਰੱਬ ਦੇ ਨਾਮ 'ਚ, ਕੌਣ ਇਸਦਾ ਫਾਇਦਾ ਲੈ ਰਿਹਾ ਹੈ ? ਫਿਰ ਕੌਣ ਜ਼ਿੰਮੇਵਾਰ ਹੈ ਜਿਸਨੇ ਜਪਾਨੀ ਕਿਰਤੀਆਂ ਨੂੰ ਕਤਲ ਕਰਨ ਦੇ ਇਸ ਮਿਸ਼ਨ 'ਤੇ ਭੇਜਿਆ ਹੈ ? ਕੌਣ ਇਸ ਤੋਂ ਮੁਨਾਫਾ ਕਮਾਏਗਾ ? ਜਪਾਨੀ ਕਿਰਤੀ ਨੂੰ ਚੀਨ ਦੇ ਕਿਰਤੀ 'ਤੇ ਜਿਹੜਾ ਉਸ ਵਾਂਗ ਹੀ ਗਰੀਬ ਹੈ, ਉਸ ਵਾਂਗ ਹੀ ਫਟੇਹਾਲ ਹੈ, ਹਮਲਾ ਕਰਨ ਲਈ ਮਨਾਉਣਾ ਕਿਵੇਂ ਸੰਭਵ ਹੋਇਆ ?

ਕੀ ਇਹ ਸੰਭਵ ਹੈ ਕਿ ਕੁਝ ਮੁੱਠੀ ਭਰ ਅਮੀਰ ਲੋਕਾਂ, ਮਨੁੱਖਾਂ ਦੀ ਇੱਕ ਛੋਟੀ ਜਿਹੀ ਜਮਾਤ ਨੇ ਲੱਖਾਂ ਗਰੀਬ ਮਨੁੱਖਾਂ ਨੂੰ ਆਪਣੇ ਹੀ ਜਿੰਨੇ ਗਰੀਬ ਦੂਸਰੇ ਲੱਖਾਂ ਮਨੁੱਖਾਂ 'ਤੇ ਹਮਲਾ ਕਰਨ ਅਤੇ ਖਤਮ ਕਰ ਦੇਣ ਲਈ ਤਿਆਰ ਕਰ ਲਿਆ ? ਤਾਂ ਕਿ ਅਮੀਰ ਹੋਰ ਅਮੀਰ ਬਣੇ ਰਹਿਣ ? ਭਿਆਨਕ ਵਿਚਾਰ। ਉਹਨਾਂ ਨੇ ਇਹਨਾਂ ਗਰੀਬ ਲੋਕਾਂ ਨੂੰ ਚੀਨ ਆਉਣ ਲਈ ਕਿਵੇਂ ਰਾਜ਼ੀ ਕਰ ਲਿਆ ? ਨਹੀਂ, ਜੇ ਉਹਨਾਂ ਨੂੰ ਸੱਚ ਦਾ ਪਤਾ ਹੁੰਦਾ ਤਾਂ ਉਹ ਕਦੇ ਵੀ ਨਾ ਆਏ ਹੁੰਦੇ। ਕੀ ਉਹਨਾਂ 'ਚ ਕਿਰਤੀਆਂ ਨੂੰ ਇਹ ਦੱਸਣ ਦੀ ਦਲੇਰੀ ਹੈ ਕਿ ਅਮੀਰਾਂ ਨੂੰ ਸਿਰਫ਼ ਸਸਤਾ ਕੱਚਾ ਮਾਲ, ਨਵੀਆਂ ਮੰਡੀਆਂ ਅਤੇ ਹੋਰ ਵਧੇਰੇ ਮੁਨਾਫਾ ਚਾਹੀਦਾ ਹੈ ? ਨਹੀਂ, ਉਹਨਾਂ ਨੇ ਤਾਂ ਇਹ ਕਿਹਾ ਹੈ ਕਿ ਇਹ ਅਸੱਭਿਅਕ ਜ਼ੁਲਮੀ ਜੰਗ 'ਕੌਮ ਦੀ ਅੰਤਮ ਮੰਜ਼ਿਲ' ਸੀ, ਇਹ 'ਬਾਦਸ਼ਾਹ ਦੀ ਮਹਾਨਤਾ' ਲਈ ਸੀ, ਇਹ 'ਰਾਜ ਦੀ ਮਾਣ ਮਰਿਆਦਾ' ਲਈ ਸੀ, ਇਹ ਉਹਨਾਂ ਦੇ ਆਪਣੇ 'ਰਾਜੇ ਤੇ ਦੇਸ਼' ਲਈ ਸੀ। ਝੂਠ, ਸਰਾਸਰ ਝੂਠ।

ਹਮਲਾ ਕਰਨ ਲਈ ਸ਼ੁਰੂ ਕੀਤੀ ਗਈ ਅਪਰਾਧਿਕ ਜੰਗ ਦੇ ਏਜੰਟਾਂ ਨੂੰ ਬਾਕੀ ਦੇ ਜੁਰਮ ਜਿਵੇਂ ਕਤਲ ਆਦਿ ਕਰਨ ਵਾਲ਼ੇ ਲੋਕਾਂ ਜਿਹੜੇ ਅਜਿਹੇ ਜੁਰਮ ਕਰ ਕੇ ਫਾਇਦਾ ਖੱਟਦੇ ਹਨ, ਵਾਂਗ ਹੀ ਦੇਖਿਆ ਜਾਣਾ ਚਾਹੀਦਾ ਹੈ। ਕੀ ਜਾਪਾਨ ਦੇ ਅੱਠ ਕਰੋੜ ਮਜ਼ਦੂਰਾਂ, ਗਰੀਬ ਕਿਸਾਨਾਂ ਤੇ ਬੇਰੁਜ਼ਗਾਰ ਸਨਅੱਤੀ ਕਾਮਿਆਂ ਨੂੰ ਕੋਈ ਲਾਭ ਹੋਣ ਵਾਲ਼ਾ ਹੈ ? ਹਮਲਾਵਰ ਜੰਗਾਂ ਦੇ ਪੂਰੇ ਇਤਿਹਾਸ ਦੌਰਾਨ ਮੈਕਸੀਕੋ 'ਤੇ ਸਪੇਨ ਦੀ ਜਿੱਤ ਤੋਂ ਲੈ ਕੇ, ਇੰਗਲੈਂਡ ਦੁਆਰਾ

ਭਾਰਤ 'ਤੇ ਕਬਜ਼ਾ, ਇਥੋਪੀਆ ਦੀ ਇਟਲੀ ਦੁਆਰਾ ਤਬਾਹੀ ਤੱਕ, 'ਜੇਤੂ' ਮੁਲਕਾਂ ਦੇ ਕਿਰਤੀਆਂ ਨੇ ਕਦੇ ਵੀ ਕੁਝ ਖੱਟਿਆ ਹੈ ? ਨਹੀਂ, ਉਹਨਾਂ ਨੇ ਇਹੋ-ਜਿਹੀਆਂ ਜੰਗਾਂ 'ਚੋਂ ਕੁਝ ਨਹੀਂ ਖੱਟਿਆ।

ਕੀ ਜਪਾਨੀ ਕਿਰਤੀਆਂ ਨੂੰ ਆਪਣੇ ਦੇਸ਼ ਦੇ ਕੁਦਰਤੀ ਸਾਧਨਾਂ ਜਿਵੇਂ ਸੋਨਾ, ਚਾਂਦੀ, ਲੋਹਾ, ਕੋਲਾ, ਤੇਲ ਤੋਂ ਕੋਈ ਲਾਭ ਮਿਲਦਾ ਹੈ ? ਉਹ ਬਹੁਤ ਚਿਰ ਪਹਿਲਾਂ ਹੀ ਇਸ ਕੁਦਰਤੀ ਦੌਲਤ ਤੋਂ ਹੱਥ ਧੋ ਬੈਠੇ ਹਨ। ਇਸ 'ਤੇ ਅਮੀਰਾਂ ਦਾ, ਹਾਕਮ ਜਮਾਤ ਦਾ ਕਬਜ਼ਾ ਹੈ। ਲੱਖਾਂ ਲੋਕ ਜਿਹੜੇ ਇਹਨਾਂ ਖਾਣਾਂ 'ਚ ਕੰਮ ਕਰਦੇ ਹਨ, ਖੁਦ ਗਰੀਬੀ 'ਚ ਰਹਿੰਦੇ ਹਨ। ਇਸ ਲਈ ਚੀਨ ਦੇ ਸੋਨੇ, ਚਾਂਦੀ, ਲੋਹੇ, ਕੋਲੇ, ਤੇਲ ਉੱਤੇ ਹਥਿਆਰਬੰਦ ਡਾਕੇ ਨਾਲ਼ ਉਸਨੂੰ ਕੀ ਲਾਭ ਮਿਲਣਾ ਹੈ ? ਕੀ ਇਹ ਸਾਧਨਾਂ ਦੇ ਅਮੀਰ ਮਾਲਕ ਹੀ ਨਹੀਂ ਹਨ ਜਿਹੜੇ ਆਪਣੇ ਮੁਨਾਫ਼ੇ ਲਈ ਦੂਸਰਿਆਂ ਦੇ ਸਾਧਨਾਂ 'ਤੇ ਕਬਜ਼ਾ ਕਰਦੇ ਹਨ ? ਕੀ ਉਹ ਹੁਣ ਤੱਕ ਅਜਿਹਾ ਹੀ ਨਹੀਂ ਕਰਦੇ ਆਏ ?

ਇਸ ਤੋਂ ਮੁਨਕਰ ਹੋਣਾ ਅਸੰਭਵ ਹੈ ਕਿ ਇਹ ਸਿਰਫ਼ ਜਾਪਾਨ ਦਾ ਫੌਜੀ ਨਿਜ਼ਾਮ ਤੇ ਸਰਮਾਏਦਾਰ ਹੀ ਹਨ ਜਿਹਨਾਂ ਨੂੰ ਇਸ ਸਮੂਹਿਕ ਕਤਲੇਆਮ, ਕਾਨੂੰਨੀ ਪਾਗਲਪਣ ਤੋਂ ਫਾਇਦਾ ਹੋਣਾ ਹੈ। ਇਹ ਪਵਿੱਤਰ ਬੁੱਚੜ, ਇਹ ਹਾਕਮ ਜਮਾਤ, ਇਹ ਰਾਜਸੱਤਾ ਹੀ ਅਸਲੀ ਮੁਜਰਿਮ ਹੈ।

ਕੀ ਇਹ ਹਮਲਾਵਰ ਜੰਗਾਂ, ਬਸਤੀਆਂ ਜਿੱਤਣ ਲਈ ਜੰਗਾਂ ਸਿਰਫ਼ ਇੱਕ ਵੱਡਾ ਬਿਜ਼ਨੈੱਸ ਹੀ ਹਨ ? ਹਾਂ, ਇਹ ਅਜਿਹਾ ਹੀ ਹੈ, ਭਾਵੇਂ ਇਹਨਾਂ ਕੌਮੀ ਅਪਰਾਧਾਂ ਨੂੰ ਅੰਜ਼ਾਮ ਦੇਣ ਵਾਲ਼ੇ ਆਪਣੇ ਅਸਲ ਉਦੇਸ਼ਾਂ ਨੂੰ ਉੱਚੀਆਂ-ਲੰਮੀਆਂ ਤਕਰੀਰਾਂ ਅਤੇ ਆਦਰਸ਼ਾਂ ਦੇ ਬੈਨਰਾਂ ਥੱਲੇ ਜਿੰਨਾ ਮਰਜ਼ੀ ਲੁਕਾਉਣ ਦੀ ਕੋਸ਼ਿਸ਼ ਕਰ ਲੈਣ। ਉਹ ਕਤਲੇਆਮ ਦੁਆਰਾ ਮੰਡੀਆਂ 'ਤੇ ਅਤੇ ਜ਼ਬਰਨ ਕੱਚੇ ਮਾਲ 'ਤੇ ਕਬਜ਼ਾ ਕਰਨ ਲਈ ਜੰਗਾਂ ਦੀ ਸ਼ੁਰੂਆਤ ਕਰਦੇ ਹਨ। ਉਹ ਵਟਾਂਦਰਾ ਕਰਨ ਨਾਲ਼ੋਂ ਲੁੱਟਣ ਨੂੰ ਸਸਤਾ ਸਮਝਦੇ ਹਨ; ਤੇ ਖਰੀਦਣ ਨਾਲ਼ੋਂ ਕਤਲੇਆਮ ਕਰਨਾ ਸੌਖਾ। ਇਹ ਸਾਰੀਆਂ ਜੰਗਾਂ ਦਾ ਅਸਲੀ ਭੇਦ ਹੈ। ਮੁਨਾਫਾ। ਬਿਜ਼ਨੈੱਸ। ਮੁਨਾਫਾ। ਖ਼ੂਨ ਨਾਲ਼ ਰੰਗਿਆ ਪੈਸਾ।

ਸਭ ਦੇ ਪਿੱਛੇ ਬਿਜ਼ਨੈੱਸ ਤੇ ਖ਼ੂਨ ਦਾ ਉਹੀ ਭਿਆਨਕ, ਬੇਰਹਿਮ ਰੱਬ ਖੜਾ ਹੈ ਜਿਸਦਾ ਨਾਮ ਹੈ ਮੁਨਾਫਾ। ਪੈਸਾ ਕਦੇ ਨਾ ਸੰਤੁਸ਼ਟ ਹੋਣ ਵਾਲ਼ੇ ਸੂਦਖੋਰ ਵਾਂਗ ਆਪਣਾ ਵਿਆਜ, ਵਧੇਰੇ ਮੁਨਾਫਾ ਮੰਗਦਾ ਜਾਂਦਾ ਹੈ, ਅਤੇ ਆਪਣੇ ਲੋਭ ਨੂੰ ਸੰਤੁਸ਼ਟ ਕਰਨ ਲਈ ਕਿਸੇ ਗੱਲ ਦੀ ਪ੍ਰਵਾਹ ਨਹੀਂ ਕਰਦਾ, ਲੱਖਾਂ ਮਨੁੱਖਾਂ ਦੇ ਕਤਲੇਆਮ ਦੀ ਵੀ ਨਹੀਂ। ਫੌਜ ਦੇ ਪਿੱਛੇ ਅਸਲ ਵਿੱਚ ਜੰਗਬਾਜ਼ ਨਿਜ਼ਾਮ ਹੁੰਦਾ ਹੈ। ਜੰਗਬਾਜ਼ ਨਿਜ਼ਾਮ ਦੇ ਪਿੱਛੇ ਵਿੱਤੀ ਸਰਮਾਇਆ ਤੇ ਸਰਮਾਏਦਾਰ। ਲਹੂ 'ਚ ਲਿੱਬੜੇ ਭਰਾ; ਤੇ ਜੁਰਮ 'ਚ ਭਾਈਵਾਲ।

ਮਨੁੱਖੀ ਨਸਲ ਦੇ ਇਹ ਦੁਸ਼ਮਣ ਕਿਹੋ ਜਿਹੇ ਦਿਖਦੇ ਹਨ ? ਕੀ ਉਹਨਾਂ ਦੇ ਮੱਥੇ 'ਤੇ ਉਕਰਿਆ ਹੋਇਆ ਹੈ ਤਾਂ ਕਿ ਉਹਨਾਂ ਦੇ ਅਪਰਾਧੀ ਹੋਣ ਬਾਰੇ ਪਤਾ ਚੱਲ ਜਾਵੇ ਤੇ ਉਹਨਾਂ ਨੂੰ ਵੱਖ ਕਰਕੇ ਸਜ਼ਾ ਦਿੱਤੀ ਜਾ ਸਕੇ ? ਨਹੀਂ, ਸਗੋਂ ਉਹ ਤਾਂ ਸਤਿਕਾਰਯੋਗ ਸ਼ਹਿਰੀ ਹਨ। ਉਹਨਾਂ ਦਾ ਮਾਣ-ਤਾਣ ਕੀਤਾ ਜਾਂਦਾ ਹੈ। ਉਹ ਆਪਣੇ ਆਪ ਨੂੰ, ਤੇ ਦੂਸਰੇ ਲੋਕ ਉਹਨਾਂ ਨੂੰ ਭੱਦਰਪੁਰਸ਼ ਕਹਿੰਦੇ ਹਨ। ਨਾਮ ਦਾ ਕੀ ਮਖੌਲ ਬਣਾ ਦਿੱਤਾ ਗਿਆ ਹੈ ! ਭੱਦਰਪੁਰਸ਼ ! ਉਹ ਰਾਜ ਦੇ, ਗਿਰਜਾਘਰ ਦੇ(ਲੇਖਕ ਦਾ ਭਾਵ ਧਾਰਮਿਕ ਸਥਾਨ ਤੋਂ ਹੈ), ਸਮਾਜ ਦੇ ਥੰਮ ਹਨ। ਉਹ ਆਪਣੀ ਵਾਧੂ ਦੌਲਤ ਨਾਲ਼ ਨਿੱਜੀ ਅਤੇ ਜਨਤਕ ਦਾਨ ਦਿੰਦੇ ਹਨ। ਉਹ ਸੰਸਥਾਵਾਂ ਨੂੰ ਪੈਸਾ ਦਿੰਦੇ ਹਨ। ਆਪਣੇ ਨਿੱਜੀ ਜੀਵਨ ਵਿੱਚ ਉਹ ਦਿਆਲੂ ਤੇ ਖਿਆਲ ਰੱਖਣ ਵਾਲ਼ੇ ਹਨ। ਉਹ ਕਾਨੂੰਨ ਦੀ ਪਾਲਣਾ ਕਰਦੇ ਹਨ, ਆਪਣੇ ਕਾਨੂੰਨ ਤੇ ਜਾਇਦਾਦ ਦੇ ਕਾਨੂੰਨ ਦੀ। ਪਰ ਇੱਕ ਲੱਛਣ ਹੈ ਜਿਸ ਦੁਆਰਾ ਇਹਨਾਂ ਭੱਦਰਪੁਰਸ਼ ਬੰਦੂਕਧਾਰੀਆਂ ਦੀ ਪਛਾਣ ਕੀਤੀ ਜਾ ਸਕਦੀ ਹੈ। ਉਹਨਾਂ ਦੇ ਪੈਸੇ ਦੇ ਮੁਨਾਫੇ 'ਚੋਂ ਕਟੌਤੀ ਕਰਨ ਦੀ ਕੋਸ਼ਿਸ਼ ਕਰਕੇ ਵੇਖੋ ਅਤੇ ਉਹਨਾਂ ਅੰਦਰਲਾ ਪਸ਼ੂ ਚਿੰਗਾੜ ਮਾਰ ਕੇ ਜਾਗ ਉੱਠਦਾ ਹੈ। ਉਹ ਰਾਖਸ਼ਾਂ ਦੀ ਤਰ੍ਹਾਂ ਖ਼ੂੰਖਾਰ, ਪਾਗਲਾਂ ਦੀ ਤਰ੍ਹਾਂ ਅੱਤਿਆਚਾਰੀ ਅਤੇ ਜੱਲਾਦਾਂ ਵਾਂਗ ਬੇਰਹਿਮ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਆਦਮੀਆਂ ਦਾ ਖਾਤਮਾ ਜ਼ਰੂਰੀ ਹੈ ਜੇ ਮਨੁੱਖੀ ਨਸਲ ਨੇ ਜਿਉਂਦੇ ਰਹਿਣਾ ਹੈ। ਜਿੰਨਾ ਚਿਰ ਇਹ ਆਦਮੀ ਜ਼ਿੰਦਾ ਹਨ, ਸੰਸਾਰ ਵਿੱਚ ਕੋਈ ਸਥਾਈ ਅਮਨ ਨਹੀਂ ਹੋ ਸਕਦਾ। ਮਨੁੱਖੀ ਸਮਾਜ ਦਾ ਅਜਿਹਾ ਢਾਂਚਾ ਜਿਹੜਾ ਇਹੋ ਜਿਹੇ ਆਦਮੀਆਂ ਨੂੰ ਜਿਉਂਦੇ ਰਹਿਣ ਦਿੰਦਾ ਹੈ, ਢਹਿਢੇਰੀ ਕਰਨਾ ਹੋਵੇਗਾ।

ਇਹੀ ਉਹ ਆਦਮੀ ਹਨ ਜਿਹੜੇ ਜ਼ਖਮ ਪੈਦਾ ਕਰਦੇ ਹਨ।●

ਪੰਜਾਬੀ ਅਨੁਵਾਦ

● ਡਾ. ਅੰਮ੍ਰਿਤ

''ਧਾਰਮਿਕ ਨਜ਼ਰੀਏ ਦੇ ਅਧਾਰ 'ਤੇ ਸੰਸਾਰ ਦੇ ਕਿਸੇ ਵੀ ਕੋਨੇ 'ਚ ਸੰਘਰਸ਼ ਹੋ ਸਕਦਾ ਹੈ। ਪਰ ਅਜਿਹਾ ਨਹੀਂ ਜਾਪਦਾ ਕਿ ਇਸ ਨਾਲ਼ ਕੋਈ ਬਹੁਪੱਖੀ ਵਿਕਾਸ ਹੋਵੇਗਾ। ਜੀਵਨ ਸਾਨੂੰ ਸਾਰਿਆਂ ਨੂੰ ਪਿਆਰਾ ਹੈ ਤੇ ਅਸੀਂ ਸਾਰੇ ਜੀਵਨ ਦੀਆਂ ਪਹੇਲੀਆਂ ਨੂੰ ਸੁਲਝਾਉਣ ਦੇ ਇੱਛਕ ਹਾਂ। ਪੁਰਾਤਨ ਕਾਲ 'ਚ ਵਿਗਿਆਨ ਦੀਆਂ ਹੱਦਾਂ ਕਾਰਨ ਇੱਕ ਕਾਲਪਨਿਕ ਰੱਬ ਤੋਂ ਰਹਿਮ ਦੀ ਭੀਖ ਮੰਗਣ ਤੋਂ ਸਿਵਾ ਸਾਡੇ ਕੋਲ਼ ਹੋਰ ਕੋਈ ਚਾਰਾ ਨਹੀਂ ਸੀ, ਜਿਸ ਨੂੰ ਕੁਦਰਤ ਦੇ ਰਹੱਸਮਈ ਨੇਮਾਂ ਦਾ ਨਿਰਧਾਰਕ ਮੰਨਿਆਂ ਗਿਆ। ਵਿਗਿਆਨ ਤੋਂ ਪੂਰਵ ਯੁੱਗ ਦੇ ਮਨੁੱਖ ਨੇ ਖੁਦ ਨੂੰ ਬਹੁਤ ਜ਼ਿਆਦਾ ਕਮਜ਼ੋਰ ਮਹਿਸੂਸ ਕੀਤਾ ਅਤੇ ਧਰਮ ਦੀ ਉਤਪਤੀ ਸ਼ਾਇਦ ਇਸੇ ਮਾਨਸਿਕਤਾ ਦਾ ਨਤੀਜਾ ਸੀ। ਕੁਦਰਤ ਸਬੰਧੀ ਵਿਚਾਰ ਪੁਰਾਤਨ ਧਰਮਾਂ ਵਿੱਚ ਸ਼ਾਇਦ ਹੀ ਚੰਗੀ ਤਰ੍ਹਾਂ ਪ੍ਰਭਾਸ਼ਿਤ ਹਨ। ਇਸ ਤੋਂ ਇਲਾਵਾ ਇਨ੍ਹਾਂ ਦਾ ਸੁਭਾਅ ਅੰਨ੍ਹੀ-ਸ਼ਰਧਾ ਵਾਲ਼ਾ ਹੈ, ਨਤੀਜੇ ਵਜੋਂ, ਇਹ ਆਧੁਨਿਕ ਯੁੱਗ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰ ਸਕਦੇ।''

● ਮਹਾਨ ਵਿਗਿਆਨੀ
ਡਾ. ਮੇਘਨਾਦ ਸਾਹਾ
(ਵਿਗਿਆਨ ਅਤੇ ਧਰਮ)

ਕਹਾਣੀ

ਅਣਜਾਣ ਫੁੱਲ

• ਆਂਦਰੇਈ ਪਲਾਤੋਨੋਵ

ਇੱਕ ਨੰਨ੍ਹਾ ਜਿਹਾ ਫੁੱਲ ਦੁਨੀਆਂ ਵਿੱਚ ਰਹਿੰਦਾ ਸੀ। ਕੋਈ ਨਹੀਂ ਜਾਣਦਾ ਸੀ ਕਿ ਉਹ ਵੀ ਇਸ ਧਰਤੀ ਉੱਪਰ ਹੈ। ਉਹ ਬੰਜ਼ਰ ਥਾਂ ਉੱਪਰ ਇਕੱਲਾ ਹੀ ਉਗਿਆ ਹੋਇਆ ਸੀ। ਗਾਵਾਂ ਅਤੇ ਮੱਝਾਂ ਇਸ ਬੰਜ਼ਰ ਧਰਤੀ ਉੱਪਰ ਚਰਨ ਨਹੀਂ ਆਉਂਦੀਆਂ ਸਨ ਅਤੇ ਨਾ ਹੀ ਬੱਚੇ ਉੱਥੇ ਕਦੇ ਖੇਡਣ ਆਉਂਦੇ ਸਨ। ਇਸ ਬੰਜ਼ਰ ਜ਼ਮੀਨ ਉੱਪਰ ਘਾਹ ਨਹੀਂ ਉਗਦਾ ਸੀ, ਇੱਥੇ ਪੁਰਾਣੇ ਪੱਥਰ ਹੀ ਖਿਲਰੇ ਹੋਏ ਸੀ ਅਤੇ ਉਹਨਾਂ ਵਿੱਚ ਸੀ ਸੁੱਕੀ, ਨਿਰਜਿੰਦ ਚੀਕਣੀ ਮਿੱਟੀ। ਇਸ ਬੰਜ਼ਰ ਉੱਪਰ ਬਸ ਹਵਾ ਹੀ ਘੁੰਮਦੀ ਸੀ। ਹਵਾ ਆਪਣੇ ਨਾਲ਼ ਬੀਜ ਲਿਆਉਂਦੀ ਅਤੇ ਉਹਨਾਂ ਨੂੰ ਚਾਰੇ ਪਾਸੇ ਖਿਲਾਰ ਜਾਂਦੀ ਸੀ, ਕਾਲੀ, ਗਿੱਲੀ ਮਿੱਟੀ ਵਿੱਚ ਅਤੇ ਰੜੇ ਪਥਰੀਲੇ ਬੰਜ਼ਰ ਉੱਪਰ ਵੀ। ਕਾਲ਼ੀ ਉਪਜਾਊ ਮਿੱਟੀ ਵਿੱਚ ਬੀਜਾਂ ਤੋਂ ਫੁੱਲ ਉਗਦੇ ਸੀ, ਪੱਥਰ ਅਤੇ ਚੀਕਣੀ ਮਿੱਟੀ ਵਿੱਚ ਬੀਜ ਮਰ ਜਾਂਦੇ ਸਨ।

ਇੱਕ ਵਾਰ ਹਵਾ ਨਾਲ਼ ਇੱਕ ਬੀਜ ਪੱਥਰ ਅਤੇ ਚੀਕਣੀ ਮਿੱਟੀ ਦੇ ਛੋਟੇ ਜਿਹੇ ਟੋਏ ਵਿੱਚ ਆ ਡਿੱਗਾ। ਬੜੀ ਦੇਰ ਤੱਕ ਉਹ ਦੁਖਿਆਰਾ ਉੱਥੇ ਬੇਜਾਨ ਪਿਆ ਰਿਹਾ। ਤ੍ਰੇਲ ਦੇ ਤੁਪਕੇ ਪੀ ਪੀ ਕੇ ਆਖਰ ਉਹ ਜੀ ਪਿਆ। ਕਰੂੰਬਲ ਫੁੱਟੀ, ਜੜ੍ਹਾਂ ਦੇ ਬਾਰੀਕ ਰੇਸ਼ੇ ਨਿਕਲੇ, ਪੱਥਰ ਅਤੇ ਚੀਕਣੀ ਮਿੱਟੀ ਨਾਲ਼ ਚਿੰਬੜ ਗਏ ਅਤੇ ਪੌਦਾ ਵਧਣ ਲੱਗਾ।

ਇਸ ਤਰ੍ਹਾਂ ਉਸ ਨੰਨ੍ਹੇ ਜਿਹੇ ਫੁੱਲ ਦਾ ਇਸ ਸੰਸਾਰ ਵਿੱਚ ਜੀਵਨ ਅਰੰਭ ਹੋਇਆ। ਪੱਥਰ ਅਤੇ ਚੀਕਣੀ ਮਿੱਟੀ ਤੋਂ ਉਸ ਨੂੰ ਕੋਈ ਭੋਜਨ ਨਹੀਂ ਮਿਲਦਾ ਸੀ। ਆਸਮਾਨ ਤੋਂ ਡਿੱਗਣ ਵਾਲੀਆਂ ਮੀਂਹ ਦੀਆਂ ਕਣੀਆਂ ਜ਼ਮੀਨ ਦੀ ਉਤਲੀ ਤਹਿ 'ਤੇ ਹੀ ਵਹਿ ਜਾਂਦੀਆਂ ਸਨ, ਉਸ ਦੀਆਂ ਜੜ੍ਹਾਂ ਤੱਕ ਨਹੀਂ ਪਹੁੰਚਦੀਆਂ ਸਨ, ਪਰ ਪੌਦਾ ਫਿਰ ਵੀ ਜੀਅ ਰਿਹਾ ਸੀ ਅਤੇ ਹੌਲ਼ੀ ਹੌਲ਼ੀ ਵਧਦਾ ਜਾ ਰਿਹਾ ਸੀ। ਉਹ ਹਵਾ ਦੇ ਸਾਹਮਣੇ ਆਪਣੇ ਪੱਤੇ ਫੈਲਾਂਦਾ ਅਤੇ ਹਵਾ ਪੌਦੇ ਦੇ ਕੋਲ ਜਾ ਕੇ ਸ਼ਾਂਤ ਹੋ ਜਾਂਦੀ;ਹਵਾ ਆਪਣੇ ਨਾਲ਼ ਉਪਜਾਊ ਧਰਤੀ ਦੇ ਜੋ ਕਣ ਲਿਆਂਦੀ, ਉਹ ਬੰਜ਼ਰ ਉੱਤੇ ਡਿੱਗ ਜਾਂਦੇ ਅਤੇ ਉਹਨਾਂ ਕਣਾਂ ਵਿੱਚ ਫੁੱਲ ਲਈ ਭੋਜਨ ਹੁੰਦਾ, ਪਰ ਉਹ ਕਣ ਸੁੱਕੇ ਹੁੰਦੇ। ਉਹਨਾਂ ਨੂੰ ਗਿੱਲਾ ਕਰਨ ਲਈ ਪੌਦਾ ਸਾਰੀ ਰਾਤ ਤ੍ਰੇਲ ਦੇ ਇੰਤਜ਼ਾਰ ਵਿੱਚ ਪੱਤਿਆਂ ਨੂੰ ਫੈਲਾਈ ਖੜਾ ਰਹਿੰਦਾ ਅਤੇ ਤ੍ਰੇਲ ਦੀ ਇੱਕ ਇੱਕ ਤੁੱਪ ਪੱਤਿਆਂ 'ਤੇ ਜਮ੍ਹਾਂ ਕਰਦਾ ਰਹਿੰਦਾ। ਜਦ ਪੱਤੇ ਤ੍ਰੇਲ ਨਾਲ਼ ਭਾਰੇ ਹੋ ਜਾਂਦੇ ਤਾਂ ਉਹ ਉਹਨਾਂ ਨੂੰ ਝੁਕਾ ਦਿੰਦਾ ਅਤੇ ਤ੍ਰੇਲ ਹੇਠਾਂ ਡਿੱਗ ਜਾਂਦੀ ਅਤੇ ਉਪਜਾਊ ਕਣਾਂ ਨੂੰ ਗਿੱਲਾ ਕਰਦੀ, ਚੀਕਣੀ ਮਿੱਟੀ ਨੂੰ ਕੱਟਦੀ।

ਦਿਨ ਵਿੱਚ ਪੌਦਾ ਹਵਾ ਦੇ ਇੰਤਜ਼ਾਰ ਵਿੱਚ ਪਹਿਰਾ ਦਿੰਦਾ ਅਤੇ ਰਾਤ ਨੂੰ ਤ੍ਰੇਲ ਦੇ। ਉਸ ਨੇ ਬੜੇ-ਬੜੇ ਪੱਤੇ ਉਗਾ ਲਏ ਸਨ ਤਾਂ ਕਿ ਉਹ ਹਵਾ ਨੂੰ ਰੋਕ ਸਕੇ ਅਤੇ ਤ੍ਰੇਲ ਨੂੰ ਜਮ੍ਹਾਂ ਕਰ ਸਕੇ। ਬਹੁਤ ਮੁਸ਼ਕਲ ਸੀ ਉਸ ਪੌਦੇ ਲਈ – ਕੇਵਲ ਹਵਾ ਨਾਲ਼ ਲਿਆਂਦੀ ਮਿੱਟੀ ਦੇ ਕਣਾਂ ਤੋਂ ਭੋਜਨ ਪ੍ਰਾਪਤ ਸਕਣਾ ਅਤੇ ਉਸ ਲਈ ਵੀ ਤ੍ਰੇਲ ਜਮ੍ਹਾਂ ਕਰਨਾ। ਪਰ ਉਹ ਜੀਣਾ ਚਾਹੁੰਦਾ ਸੀ ਅਤੇ ਭੁੱਖ ਜਾਂ ਥਕਾਵਟ ਦੀ ਆਪਣੀ ਪੀੜ ਨੂੰ ਵੀ ਸਬਰ ਨਾਲ ਜਰਦਾ। ਚੌਵੀਂ ਘੰਟਿਆਂ ਵਿੱਚ ਕੇਵਲ ਇੱਕ ਵਾਰ ਪੌਦਾ ਖੁਸ਼ ਹੁੰਦਾ ਸੀ – ਜਦੋਂ ਸੂਰਜ ਦੀਆਂ ਪਹਿਲੀਆਂ ਕਿਰਨਾਂ ਉਸ ਦੇ (ਕਲਾਂਤ-ਮਾਸੂਮ) ਪੱਤਿਆਂ ਨੂੰ ਛੂੰਹਦੀਆਂ ਸਨ।

ਜੇਕਰ ਹਵਾ ਬਹੁਤ ਦੇਰ ਤੱਕ ਬੰਜ਼ਰ ਜ਼ਮੀਨ ਉੱਪਰ ਨਾ ਆਉਂਦੀ ਤਾਂ ਨਿੱਕੇ ਪੌਦੇ ਨੂੰ ਬਹੁਤ ਦੁੱਖ ਹੁੰਦਾ ਸੀ, ਉਸ ਲਈ ਜੀਣਾ ਅਤੇ ਵਧਣਾ ਮੁਸ਼ਕਲ ਹੋ ਜਾਂਦਾ ਸੀ।

ਪਰ ਪੌਦਾ ਉਦਾਸ ਹੋ ਕੇ ਨਹੀਂ ਜੀਣਾ ਚਾਹੁੰਦਾ ਸੀ, ਇਸ ਲਈ ਜਦੋਂ ਉਹ ਬਹੁਤ ਹੀ ਦੁਖੀ ਹੁੰਦਾ ਤਾਂ ਉਹ ਊਂਘਣ ਲਗਦਾ। ਉਹ ਹਰ ਹਾਲਤ ਵਿੱਚ ਵਧਣ ਦੀ ਕੋਸ਼ਿਸ਼ ਕਰਦਾ, ਚਾਹੇ ਉਸ ਦੀਆਂ ਜੜ੍ਹਾਂ ਨੂੰ ਰੜੇ ਪੱਥਰ ਅਤੇ ਚੀਕਣੀ ਮਿੱਟੀ ਨੂੰ ਝੰਜੋੜਨਾ ਪੈਂਦਾ। ਇਸ ਤਰ੍ਹਾਂ ਦੇ ਸਮੇਂ ਵਿੱਚ ਉਸੇ ਦੇ ਪੱਤੇ ਪੂਰੀ ਤਾਕਤ ਨਾਲ਼ ਹਰੇ ਨਹੀਂ ਹੋ ਸਕਦੇ ਸਨ: ਉਹਨਾਂ ਦਾ ਇੱਕ ਸਿਰਾ ਨੀਲਾ ਹੁੰਦਾ, ਦੂਸਰਾ ਲਾਲ, ਤੀਸਰਾ ਆਸਮਾਨੀ ਜਾਂ ਸੁਨਹਰੇ ਰੰਗ ਦਾ। ਇਹ ਇਸ ਲਈ ਹੁੰਦਾ ਸੀ ਕਿ ਪੌਦੇ ਨੂੰ ਭੋਜਨ ਪੂਰਾ ਨਹੀਂ ਮਿਲਦਾ ਸੀ ਅਤੇ ਉਸ ਦਾ ਦੁੱਖ ਪੱਤਿਆਂ ਵਿੱਚ ਅਲੱਗ ਅਲੱਗ ਰੰਗ ਨਾਲ਼ ਉਭਰ ਆਉਂਦਾ। ਪਰ ਪੌਦਾ ਖੁਦ ਇਹ ਨਹੀਂ ਜਾਣਦਾ ਸੀ: ਉਹ ਤਾਂ ਅੰਨ੍ਹਾ ਸੀ, ਆਪਣੇ ਆਪ ਨੂੰ ਨਹੀਂ ਦੇਖ ਸਕਦਾ ਸੀ ਕਿ ਉਹ ਕਿਸ ਤਰ੍ਹਾਂ ਹੈ।

ਗਰਮੀਆਂ ਵਿੱਚ ਪੌਦੇ ਨੂੰ ਇੱਕ ਫੁੱਲ ਖਿੜਿਆ। ਹੁਣ ਤੱਕ ਤਾਂ ਉਹ ਮਾਮੂਲੀ ਘਾਹ-ਫੂਸ ਵਰਗਾ ਹੀ ਸੀ, ਪਰ ਹੁਣ ਫੁੱਲ ਦਾ ਪੌਦਾ ਬਣ ਗਿਆ ਸੀ। ਫੁੱਲ ਦੀਆਂ ਪੰਖੜੀਆਂ ਸਾਦੇ, ਖਿੜੇ ਹੋਏ ਰੰਗ ਦੀਆਂ ਸਨ, ਸਾਫ ਤੇ ਤੇਜ਼, ਜਿਸ ਤਰ੍ਹਾਂ ਤਾਰੇ ਦਾ ਹੁੰਦਾ ਹੈ। ਅਤੇ ਤਾਰੇ ਦੀ ਤਰ੍ਹਾਂ ਉਸ ਵਿੱਚ ਸਜੀਵ ਪ੍ਰਕਾਸ਼ ਟਿਮ-ਟਿਮਾਂਦਾ ਸੀ ਅਤੇ ਹਨ੍ਹੇਰੀ ਰਾਤ ਵਿੱਚ ਵੀ ਉਹ ਨਜ਼ਰ ਆਉਂਦਾ ਸੀ। ਜਦੋਂ ਬੰਜ਼ਰ ਉੱਪਰ ਹਵਾ ਆਉਂਦੀ ਸੀ ਤਾਂ ਉਹ ਹਮੇਸ਼ਾ ਫੁੱਲ ਨੂੰ ਛੂਹ ਕੇ ਲੰਘਦੀ ਸੀ ਅਤੇ ਉਸ ਦੀ ਖੁਸ਼ਬੂ ਆਪਣੇ ਨਾਲ਼ ਲੈ ਜਾਂਦੀ ਸੀ।

ਇੱਕ ਵਾਰ ਸਵੇਰੇ-ਸਵੇਰੇ ਦਾਸ਼ਾ ਨਾਂ ਦੀ ਕੁੜੀ ਉਸ ਬੰਜ਼ਰ ਦੇ ਕੋਲ ਦੀ ਲੰਘ ਰਹੀ ਸੀ। ਉਹ ਆਪਣੀਆਂ ਸਹੇਲੀਆਂ ਨਾਲ਼ ਪਾਯੋਨਿਅਰ ਕੈਂਪ ਵਿੱਚ ਰਹਿ ਰਹੀ ਸੀ, ਅੱਜ ਸਵੇਰੇ ਉੱਠਣ 'ਤੇ ਉਸ ਨੂੰ ਮਾਂ ਦੀ ਬੜੀ ਯਾਦ ਆਉਣ ਲੱਗ ਪਈ ਸੀ। ਉਸ ਨੇ ਮਾਂ ਨੂੰ ਚਿੱਠੀ ਲਿਖੀ ਸੀ ਅਤੇ ਉਹ ਉਸ ਨੂੰ ਪਾਉਣ ਸਟੇਸ਼ਨ ਤੇ ਜਾ

ਰਹੀ ਸੀ, ਤਾਂ ਕਿ ਇਹ ਜਲਦੀ ਮਾਂ ਨੂੰ ਮਿਲ ਜਾਵੇ। ਰਾਹ 'ਚ ਦਾਸ਼ਾ ਚਿੱਠੀ ਦਾ ਲਿਫਾਫਾ ਚੁੰਮ ਰਹੀ ਸੀ, ਉਸ ਨੂੰ ਕਹਿ ਰਹੀ ਸੀ ਕਿ ਉਹ ਕਿੰਨਾ ਖੁਸ਼ ਕਿਸਮਤ ਹੈ – ਦਾਸ਼ਾ ਤੋਂ ਪਹਿਲਾਂ ਮਾਂ ਨੂੰ ਮਿਲੇਗਾ।

ਬੰਜ਼ਰ ਦੇ ਸਿਰੇ ਤੋਂ ਦਾਸ਼ਾ ਨੂੰ ਖੁਸ਼ਬੂ ਆਈ। ਉਸ ਨੇ ਇਧਰ-ਉਧਰ ਦੇਖਿਆਂ।ਆਸ ਪਾਸ ਕੋਈ ਫੁੱਲ ਨਹੀਂ ਸੀ।ਪਗਡੰਡੀ 'ਤੇ ਸਿਰਫ਼ ਛੋਟਾ ਛੋਟਾ ਘਾਹ ਉਗ ਰਿਹਾ ਸੀ ਅਤੇ ਬੰਜ਼ਰ ਤਾਂ ਬਿਲਕੁਲ ਨੰਗਾ ਬੁੱਚਾ ਸੀ। ਪਰ ਹਵਾ ਬੰਜ਼ਰ ਤੋਂ ਆ ਰਹੀ ਸੀ ਅਤੇ ਉਥੋਂ ਹਲਕੀ ਖੁਸ਼ਬੂ ਲਿਆ ਰਹੀ ਸੀ, ਜੋ ਕਿਸੇ ਹਲਕੀ ਨਿੱਕੀ ਅਣਜਾਨ ਜਾਨ ਦੀ ਪੁਕਾਰ ਵਰਗੀ ਲਗਦੀ ਸੀ। ਦਾਸ਼ਾ ਨੂੰ ਇੱਕ ਕਹਾਣੀ ਯਾਦ ਆ ਗਈ, ਜੋ ਮਾਂ ਨੇ ਉਸ ਨੂੰ ਬਹੁਤ ਪਹਿਲਾ ਸੁਣਾਈ ਸੀ: ਇੱਕ ਫੁੱਲ ਆਪਣੀ ਮਾਂ ਬਿਨਾਂ ਬਹੁਤ ਉਦਾਸ ਰਹਿੰਦਾ ਸੀ, ਪਰ ਉਹ ਰੋ ਨਹੀਂ ਸਕਦਾ ਸੀ, ਉਹ ਆਪਣੀ ਸਾਰੀ ਉਦਾਸੀ ਖੁਸ਼ਬੂ ਵਿੱਚ ਹੀ ਵਹਾ ਦਿੰਦਾ ਸੀ।

"ਸ਼ਾਇਦ ਇਹ ਫੁੱਲ ਵੀ ਮੇਰੀ ਤਰ੍ਹਾਂ ਆਪਣੀ ਮਾਂ ਦੇ ਬਿਨਾਂ ਉਦਾਸ ਹੋ ਰਿਹਾ ਹੈ।" ਦਾਸ਼ਾ ਨੇ ਸੋਚਿਆ।

ਉਹ ਬੰਜ਼ਰ 'ਤੇ ਗਈ ਅਤੇ ਉੱਥੇ ਪੱਥਰ ਦੇ ਕੋਲ ਉਸਨੇ ਨਿੱਕੇ ਫੁੱਲ ਨੂੰ ਦੇਖਿਆ। ਦਾਸ਼ਾ ਨੇ ਇਸ ਤਰ੍ਹਾਂ ਦਾ ਫੁੱਲ ਪਹਿਲਾਂ ਕਦੇ ਨਹੀਂ ਦੇਖਿਆ ਸੀ – ਨਾ ਖੇਤ-ਮੈਦਾਨ 'ਚ, ਨਾ ਜੰਗਲ, ਨਾ ਕਿਤਾਬਾਂ ਦੀਆਂ ਤਸਵੀਰਾਂ 'ਚ, ਨਾ ਬਨਸਪਤੀ ਵਿਭਾਗ ਵਿੱਚ – ਕਿਤੇ ਵੀ ਨਹੀਂ। ਫੁੱਲ ਦੇ ਕੋਲ ਜ਼ਮੀਨ ਉੱਪਰ ਬੈਠ ਕੇ ਉਸ ਨੇ ਪੁੱਛਿਆ:

"ਤੂੰ ਇਸ ਤਰ੍ਹਾਂ ਦਾ ਕਿਉਂ ਏਂ ?"

"ਪਤਾ ਨਹੀਂ," ਫੁੱਲ ਨੇ ਜਵਾਬ ਦਿੱਤਾ।

"ਤੂੰ ਦੂਸਰੇ ਫੁੱਲਾਂ ਨਾਲੋਂ ਅਲੱਗ ਕਿਉਂ ਏਂ ?"

ਫੁੱਲ ਇਸ ਸਵਾਲ ਦਾ ਜਵਾਬ ਨਹੀਂ ਜਾਣਦਾ ਸੀ। ਪਰ ਉਹ ਪਹਿਲੀ ਵਾਰ ਏਨਾ ਨੇੜੇ ਇਨਸਾਨ ਦੀ ਅਵਾਜ਼ ਸੁਣ ਰਿਹਾ ਸੀ, ਪਹਿਲੀ ਵਾਰ ਉਸ ਨੂੰ ਕੋਈ ਦੇਖ ਰਿਹਾ ਸੀ, ਇਸ ਲਈ ਉਹ ਚੁੱਪ ਰਹਿ ਕੇ ਦਾਸ਼ਾ ਦੇ ਦਿਲ ਨੂੰ ਠੇਸ ਨਹੀਂ ਪਹੁੰਚਾਉਣਾ ਚਾਹੁੰਦਾ ਸੀ।

"ਇਸ ਲਈ ਕਿ ਮੇਰਾ ਜੀਵਨ ਕਿੰਨਾ ਕਠੋਰ ਹੈ।" ਫੁੱਲ ਨੇ ਕਿਹਾ।

"ਤੇਰਾਂ ਨਾਂ ਕੀ ਹੈ ?" ਦਾਸ਼ਾ ਨੇ ਪੁੱਛਿਆ।

"ਮੈਨੂੰ ਕਦੇ ਕਿਸੇ ਨੇ ਨਾਂ ਲੈ ਕੇ ਨਹੀਂ ਬੁਲਾਇਆ," ਨੰਨ੍ਹੇ ਫੁੱਲ ਨੇ ਕਿਹਾ, "ਮੈਂ ਇੱਥੇ ਇਕੱਲਾ ਰਹਿੰਦਾ ਹਾਂ।"

ਦਾਸ਼ਾ ਨੇ ਬੰਜ਼ਰ ਵੱਲ ਨਜ਼ਰ ਘੁੰਮਾਈ।

"ਇਥੇ ਤਾਂ ਬਸ ਪੱਥਰ ਅਤੇ ਚੀਕਣੀ ਮਿੱਟੀ ਹੀ ਹੈ," ਦਾਸ਼ਾ ਨੇ ਕਿਹਾ। "ਕਿਸ ਤਰ੍ਹਾਂ ਤੂੰ ਇਕੱਲਾ ਜੀਅ ਰਿਹਾ ਏਂ, ਕਿਸ ਤਰ੍ਹਾਂ ਤੂੰ, ਨੰਨ੍ਹੀ ਜਾਨ, ਚੀਕਣੀ ਮਿੱਟੀ ਵਿੱਚ ਉੱਗ ਆਇਆ ਤੇ ਮਰਿਆ ਨਹੀਂ ?"

"ਪਤਾ ਨਹੀਂ", ਫੁੱਲ ਨੇ ਜਵਾਬ ਦਿੱਤਾ।

ਦਾਸ਼ਾ ਨੇ ਝੁਕ ਕੇ ਉਸ ਨੂੰ ਚੁੰਮ ਲਿਆ।

ਅਗਲੇ ਦਿਨ ਸਾਰੇ ਬੱਚੇ ਨਿੱਕੇ ਫੁੱਲ ਨੂੰ ਮਿਲਣ ਆਏ। ਦਾਸ਼ਾ ਉਹਨਾਂ ਨੂੰ ਲੈ ਆਈ ਸੀ, ਪਰ ਬੰਜ਼ਰ ਤੱਕ ਪਹੁੰਚਣ ਤੋਂ ਪਹਿਲਾਂ ਹੀ ਉਸ ਨੇ ਸਭ ਨੂੰ ਸਾਹ ਖਿਚਣ ਲਈ ਕਿਹਾ ਅਤੇ ਬੋਲੀ:

"ਦੇਖਿਆ ਕਿਸ ਤਰ੍ਹਾਂ ਦੀ ਖੁਸ਼ਬੂ ਆ ਰਹੀ ਹੈ! ਇਹ ਉਸ ਦੇ ਸਾਹ ਨੇ।"

ਬੱਚੇ ਬਹੁਤ ਦੇਰ ਤੱਕ ਨੰਨ੍ਹੇ ਫੁੱਲ ਦੁਆਲੇ ਖੜੇ ਰਹੇ, ਬਾਂਕੇ ਵੀਰ ਦੀ ਤਰ੍ਹਾਂ ਉਸ ਨੂੰ ਨਿਹਾਰਦੇ ਰਹੇ। ਫਿਰ ਉਹਨਾਂ ਨੇ ਸਾਰੇ ਬੰਜ਼ਰ ਦਾ ਚੱਕਰ ਲਗਾਇਆ, ਆਪਣੇ ਕਦਮਾਂ ਨਾਲ਼ ਉਸ ਨੂੰ ਨਾਪਿਆ ਅਤੇ ਹਿਸਾਬ ਲਗਾਇਆ ਕਿ ਇਸ ਬੰਜ਼ਰ ਵਿੱਚ ਜਾਨ ਪਾਉਣ ਲਈ ਕਿੰਨੇ ਠੇਲੇ ਗੋਹੇ ਅਤੇ ਸਵਾਹ ਦੇ ਲਿਆਉਣੇ ਪੈਣਗੇ।

ਉਹ ਚਾਹੁੰਦੇ ਸੀ ਕਿ ਬੰਜ਼ਰ ਧਰਤੀ ਉਪਜਾਊ ਬਣ ਜਾਵੇ। ਉਦੋਂ ਉਸ ਨਿੱਕੇ ਅਣਜਾਣ ਫੁੱਲ ਨੂੰ ਵੀ ਆਰਾਮ ਮਿਲੇਗਾ, ਉਸ ਦੇ ਬੀਜਾਂ ਤੋਂ ਉਸ ਦੀ ਬੇਹਤਰੀਨ ਔਲਾਦ ਵੀ ਜਨਮ ਲਏਗੀ ਅਤੇ ਮਰੇਗੀ ਨਹੀਂ – ਸਭ ਤੋਂ ਵਧੀਆ, ਸਜੀਵ ਪ੍ਰਕਾਸ ਵਿੱਚ ਚਮਕਦੇ ਫੁੱਲ ਉੱਗਣਗੇ, ਜੋ ਹੋਰ ਕਿਤੇ ਨਹੀਂ ਹਨ।

ਚਾਰ ਦਿਨ ਤਾਂ ਬੱਚੇ ਬੰਜ਼ਰ ਉੱਪਰ ਖਾਦ ਪਾਉਣ ਦਾ ਕੰਮ ਕਰਦੇ ਰਹੇ। ਇਸ ਤੋਂ ਬਾਅਦ ਉਹ ਦੂਸਰੇ ਖੇਤਾਂ, ਜੰਗਲਾਂ ਵਿੱਚ ਘੁੰਮਣ ਗਏ, ਇਸ ਬੰਜ਼ਰ ਉੱਪਰ ਫਿਰ ਨਹੀਂ ਆਏ। ਬਸ ਦਾਸ਼ਾ ਹੀ ਇੱਕ ਵਾਰ ਨੰਨ੍ਹੇ ਫੁੱਲ ਤੋਂ ਵਿਦਾ ਲੈਣ ਆਈ। ਗਰਮੀਆਂ ਖਤਮ ਹੋ ਗਈਆਂ ਸੀ, ਬੱਚਿਆਂ ਨੇ ਪਾਯੋਨਿਅਰ ਕੈਂਪ ਤੋਂ ਘਰ ਮੁੜਨਾ ਸੀ, ਅਤੇ ਉਹ ਚਲੇ ਗਏ।

ਅਗਲੀਆਂ ਗਰਮੀਆਂ ਵਿੱਚ ਦਾਸ਼ਾ ਫਿਰ ਉਸੇ ਪਾਯੋਨਿਅਰ ਕੈਂਪ ਵਿੱਚ ਅਰਾਮ ਕਰਨ ਆਈ। ਸਾਰੀਆਂ ਲੰਬੀਆਂ ਸਰਦੀਆਂ ਵਿੱਚ ਉਹ ਨੰਨ੍ਹੇ ਫੁੱਲ ਨੂੰ ਗੁਮਨਾਮ ਨਾਂ ਨਾਲ਼ ਯਾਦ ਕਰਦੀ ਰਹੀ ਸੀ। ਉਹ ਉਸੇ ਸਮੇਂ ਬੰਜ਼ਰ ਉੱਪਰ ਉਸ ਨੂੰ ਮਿਲਣ ਗਈ।

ਦਾਸ਼ਾ ਨੇ ਦੇਖਿਆਂ ਕਿ ਬੰਜ਼ਰ ਬਿਲਕੁਲ ਹੀ ਬਦਲ ਗਿਆ ਹੈ। ਉਥੇ ਘਾਹ-ਫੂਸ ਅਤੇ ਫੁੱਲ ਉੱਗ ਰਹੇ ਸੀ, ਉਹਨਾਂ ਦੇ ਉੱਪਰ ਚਿੜੀਆਂ ਅਤੇ ਤਿੱਤਲੀਆਂ ਉੱਡ ਰਹੀਆਂ ਸਨ। ਫੁੱਲਾਂ ਤੋਂ ਖੁਸ਼ਬੂ ਆ ਰਹੀ ਸੀ ਉਸੇ ਤਰ੍ਹਾਂ ਦੀ ਜਿਸ ਤਰ੍ਹਾਂ ਉਸ ਨਿੱਕੇ ਮਿਹਨਤੀ ਫੁੱਲ ਤੋਂ ਆ ਰਹੀ ਸੀ।

ਪਰ ਪੱਥਰ ਅਤੇ ਚੀਕਣੀ ਮਿੱਟੀ ਵਿੱਚ ਉਗਿਆ ਪਿਛਲੇ ਸਾਲ ਦਾ ਪੌਦਾ ਉਥੇ ਨਹੀਂ ਸੀ। ਉਹ ਪਿਛਲੀ ਪਤਝੜ ਵਿੱਚ ਮਰ ਗਿਆ ਹੋਵੇਗਾ। ਨਵੇਂ ਫੁੱਲ ਪੌਦੇ ਵੀ ਵਧੀਆ ਸਨ, ਪਰ ਪਹਿਲੇ ਫੁੱਲ ਜਿੰਨੇ ਨਹੀਂ। ਦਾਸ਼ਾ ਉਦਾਸ ਹੋ ਗਈ ਕਿ ਉਹ ਪਹਿਲਾਂ ਵਾਲਾ ਫੁੱਲ ਨਹੀਂ ਹੈ ਤੇ ਵਾਪਸ ਚਲ ਪਈ। ਤੇ ਫਿਰ ਅਚਾਨਕ ਰੁਕ ਗਈ। ਇਕ ਦੂਸਰੇ ਨਾਲ਼ ਜੁੜੇ ਦੋ ਪੱਥਰਾਂ 'ਚ ਨਵਾਂ ਫੁੱਲ ਉੱਗ ਆਇਆ ਸੀ – ਬਿਲਕੁਲ ਪੁਰਾਣੇ ਫੁੱਲ ਵਰਗਾ ਹੀ, ਬਸ ਉਸ ਨਾਲੋਂ ਥੋੜਾ ਜਿਹਾ ਵਧਿਆ, ਉਸ ਨਾਲੋਂ ਵੀ ਜ਼ਿਆਦਾ ਸੋਹਣਾ। ਇਹ ਫੁੱਲ ਪੱਥਰਾਂ 'ਚੋਂ ਉੱਗ ਰਿਹਾ ਸੀ; ਉਹ ਆਪਣੇ ਪਿਤਾ ਦੀ ਤਰ੍ਹਾਂ ਹੀ ਜ਼ਿੰਦਾ ਅਤੇ ਸਬਰ ਵਾਲਾ ਸੀ, ਅਤੇ ਪਿਤਾ ਤੋਂ ਵੀ ਜ਼ਿਆਦਾ ਸ਼ਕਤੀਸ਼ਾਲੀ ਕਿਉਂਕਿ ਉਹ ਪੱਥਰਾਂ 'ਚ ਵੀ ਜੀਉਂਦਾ ਸੀ।

ਦਾਸ਼ਾ ਨੂੰ ਲੱਗਿਆ ਕਿ ਫੁੱਲ ਉਸ ਦੇ ਵੱਲ ਹੱਥ ਵਧਾ ਰਿਹਾ ਹੈ ਅਤੇ ਬਿਨਾਂ ਸ਼ਬਦ ਸਿਰਫ਼ ਆਪਣੀ ਖੁਸ਼ਬੂ ਨਾਲ਼ ਉਸ ਨੂੰ ਬੁਲਾ ਰਿਹਾ ਹੈ। •

ਪੁਸਤਕ ਜਾਣ-ਪਛਾਣ

ਅੱਜ ਵੀ ਓਨਾ ਹੀ ਸਾਰਥਕ ਹੈ 'ਜੰਗਲ਼' ਨਾਵਲ

• ਅਰਵਿੰਦ

'ਜੰਗਲ਼' ਨਾਵਲ ਆਪਟਨ ਸਿੰਕਲੇਅਰ ਦੁਆਰਾ ਲਿਖਤ ਉਹ ਰਚਨਾ ਹੈ ਜਿਸਨੇ 20ਵੀਂ ਸਦੀ ਦੇ ਅਮਰੀਕੀ ਸਮਾਜ ਦੇ ਸ਼ੁਰੂਆਤੀ ਦੌਰ 'ਤੇ ਡੂੰਘਾ ਪ੍ਰਭਾਵ ਪਾਇਆ। ਇਹ 'ਜੰਗਲ਼' ਨਾਵਲ ਹੀ ਸੀ ਜਿਸਨੇ ਅਮਰੀਕਾ ਵਿੱਚ ਇੱਕ ਲਹਿਰ ਜਿਹੀ ਖੜ੍ਹੀ ਕਰ ਦਿੱਤੀ ਸੀ। 1852 ਈ: ਵਿੱਚ ਪ੍ਰਕਾਸ਼ਿਤ ਹੈਰੀਅਟ ਬੀਚਰ ਸਟੋ ਦੇ ਨਾਵਲ 'ਅੰਕਲ ਟਾਮਸ ਕੇਬਿਨ' ਦੇ ਬਾਅਦ ਇਹ ਪਹਿਲੀ ਪੁਸਤਕ ਸੀ ਜਿਸਨੇ ਇੰਨਾ ਡੂੰਘਾ ਪ੍ਰਭਾਵ ਛੱਡਿਆ। ਇਸ ਨਾਵਲ ਦਾ ਲੜੀਵਾਰ ਪ੍ਰਕਾਸ਼ਨ 'ਅਪੀਲ ਟੂ ਰੀਜ਼ਨ' ਨਾਮੀ ਮੈਗਜ਼ੀਨ ਵਿੱਚ 1905 ਈ: ਵਿੱਚ ਸ਼ੁਰੂ ਹੋਇਆ। ਕੁਝ ਹੀ ਅੰਕਾਂ ਬਾਅਦ ਇਸ ਮੈਗਜ਼ੀਨ ਦੀ ਵਿਕਰੀ ਦੀ ਸੰਖਿਆ 1,75,000 ਤੱਕ ਪਹੁੰਚ ਗਈ। ਆਪਟਨ ਸਿੰਕਲੇਅਰ ਇਹੋ-ਜਿਹੇ ਰਚਨਾਕਾਰ ਸਨ ਜਿੰਨ੍ਹਾਂ ਨੇ ਜਮਾਤੀ-ਵੰਡ ਅਤੇ ਮੁਨਾਫੇ ਉੱਪਰ ਅਧਾਰਿਤ ਸਰਮਾਏਦਾਰੀ ਢਾਂਚੇ ਦੀਆਂ ਕਮੀਆਂ, ਕਰੂਪਤਾਵਾਂ ਅਤੇ ਮਾਨਵ-ਵਿਰੋਧੀ ਚਰਿਤਰ ਨੂੰ ਆਪਣੀ ਲੇਖਣ ਕਲਾ ਨਾਲ਼ ਵੱਧ ਤੋਂ ਵੱਧ ਉਘਾੜਨ ਦਾ ਕੰਮ ਕੀਤਾ। ਸਿੰਕਲੇਅਰ ਨੇ ਆਪਣੀ ਲੇਖਣ ਕਲਾ ਦਾ ਇਸਤੇਮਾਲ ਕੁਝ ਇਸ ਤਰ੍ਹਾਂ ਕੀਤਾ ਕਿ ਉਹ ਲੋਕਾਂ ਵਿੱਚ ਇੱਕ ਤਰ੍ਹਾਂ ਦੀ ਮਿਸਾਲ ਬਣ ਗਏ। ਸਿੰਕਲੇਅਰ ਦੇ ਹੀ ਸ਼ਬਦਾਂ ਵਿੱਚ "ਮਜ਼ਦੂਰ ਜਮਾਤ ਦਾ ਲੇਖਕ ਇੱਕ ਉਦੇਸ਼ ਨਾਲ ਲੈਸ ਲੇਖਕ ਹੁੰਦਾ ਹੈ; 'ਕਲਾ, ਕਲਾ ਲਈ' ਦੇ ਬਾਰੇ ਵਿੱਚ ਉਹ ਇੰਨਾ ਹੀ ਸੋਚਦਾ ਹੈ ਜਿੰਨਾ ਇੱਕ ਡੁੱਬਦੇ ਹੋਏ ਜਹਾਜ ਦੇ ਕੈਬਿਨ ਵਿੱਚ ਬੈਠਾ ਕੋਈ ਆਦਮੀ ਇਕ ਖੂਬਸੂਰਤ ਚਿੱਤਰ ਬਣਾਉਣ ਬਾਰੇ ਸੋਚੇ; ਉਹ ਪਹਿਲਾਂ ਕਿਨਾਰੇ ਪਹੁੰਚਣ ਬਾਰੇ ਸੋਚੇਗਾ - ਫਿਰ ਕਲਾ ਲਈ ਸੋਚਣ ਬਾਰੇ ਕਾਫੀ ਸਮਾਂ ਹੋਵੇਗਾ"

'ਦਿ ਜੰਗਲ਼' ਨਾਵਲ ਇੱਕ ਲਿਥੁਆਨੀਅਨ ਪ੍ਰਵਾਸੀ ਮਜ਼ਦੂਰ ਯੂਰਗਿਸ ਰੂਦਕਸ ਦੀ ਕਹਾਣੀ ਹੈ ਜੋ ਆਪਣੇ ਪਿਤਾ ਅੰਤਾਨਾਸ ਰੂਦਕਸ, ਆਪਣੀ ਮੰਗਤੇਰ ਔਨਾ, ਔਨਾ ਦੀ ਚਚੇਰੀ ਭੈਣ ਮਾਰਿਆ ਬੇਰਜਿਨਸਕਾਸ, ਉਸਦੀ ਮਤਰੇਈ ਮਾਂ ਤੇਤਾ ਏਲਜ਼ਬਿਯੇਤਾ, ਭਰਾ ਯੌਨਸ ਅਤੇ ਏਲਜ਼ਬਿਯੇਤਾ ਦੇ ਛੇ ਬੱਚਿਆਂ ਨਾਲ਼ ਸੰਯੁਕਤ ਰਾਜ ਅਮਰੀਕਾ ਵਿੱਚ ਸੁੰਦਰ ਸੁਨਹਿਰੇ ਸੁਪਨੇ ਲੈ ਕੇ ਆਉਂਦਾ ਹੈ। ਯੂਰਗਿਸ ਊਰਜਾ ਅਤੇ ਜੋਸ਼ ਨਾਲ਼ ਲਬਰੇਜ਼ ਇੱਕ ਨੌਜਵਾਨ ਸੀ ਜਿਸਦੇ ਅੰਦਰ ਜੀਵਨ ਹਲੋਰੇ ਲੈ ਰਿਹਾ ਸੀ। ਯੂਰਗਿਸ ਨੇ ਸੋਚਿਆ ਸੀ ਕਿ ਉਹ ਅਮਰੀਕਾ ਵਿੱਚ ਅਮੀਰ ਬਣ ਜਾਵੇਗਾ। ਉਸ ਨੇ ਸੁਣ ਰੱਖਿਆ ਸੀ ਕਿ ਇਸ ਦੇਸ਼ ਵਿੱਚ ਅਮੀਰ ਹੋਵੇ ਜਾਂ ਗਰੀਬ, ਹਰ ਆਦਮੀ ਅਜ਼ਾਦ ਸੀ ਅਤੇ ਆਪਣੀ ਖੂਨ-ਪਸੀਨੇ ਦੀ ਕਮਾਈ ਭ੍ਰਿਸ਼ਟ ਅਫਸਰਾਂ ਨੂੰ ਦੇਣ ਲਈ ਮਜ਼ਬੂਰ ਨਹੀਂ ਸੀ। ਉਸਨੇ ਸੋਚਿਆ ਸੀ ਕਿ ਉਹ ਵੀ ਸ਼ਾਨ ਨਾਲ ਜਿੰਦਗੀ ਜੀਵੇਗਾ। ਹਰ ਜ਼ਿੰਦਾਦਿਲ ਇਨਸਾਨ ਦੀ ਤਰ੍ਹਾਂ ਉਸਨੂੰ ਵੀ ਆਪਣੀਆਂ ਬਾਹਵਾਂ ਉਪਰ ਮਾਣ ਸੀ। ਯੂਰਗਿਸ ਅਤੇ ਉਸਦਾ ਪਰਿਵਾਰ ਸ਼ਿਕਾਗੋ ਤੋਂ ਸਟਾਕਯਾਰਡ ਨਾਮੀ ਇਲਾਕੇ ਵਿੱਚ ਪਹੁੰਚਿਆ ਕਿਉਂਕਿ ਇਥੇ ਯੋਨਾਸ ਦਾ ਦੋਸਤ ਯੋਕੁਬਾਸ ਜੇਦਵਿਲਾਸ ਰਹਿੰਦਾ ਸੀ ਜਿਸਨੇ ਉਸਨੂੰ ਅਮਰੀਕਾ ਦੇ ਬਾਰੇ ਦੱਸਿਆ ਸੀ। ਯੂਰਗਿਸ ਰੂਦਕਸ ਨੂੰ ਜਲਦੀ ਹੀ ਸਟਾਕਯਾਰਡ ਦੇ ਮਾਸ ਪੈਕਿੰਗ ਕਾਰਖਾਨੇ ਵਿੱਚ ਕੰਮ ਮਿਲ ਜਾਂਦਾ ਹੈ। ਇਸਦੇ ਨਾਲ ਹੀ ਮਾਰਿਆ ਅਤੇ ਯੋਨਾਸ ਨੂੰ ਵੀ ਉਥੇ ਹੀ ਅਲੱਗ-ਅਲੱਗ ਤਰ੍ਹਾਂ ਦਾ ਕੰਮ ਮਿਲ ਜਾਂਦਾ ਹੈ। ਯੂਰਗਿਸ ਦੇ ਪਿਤਾ ਅੰਤਾਨਾਸ ਵੀ ਕੰਮ ਦੀ ਤਲਾਸ਼ ਵਿੱਚ ਨਿਕਲ ਪੈਂਦੇ ਹਨ ਅਤੇ ਉਹਨਾਂ ਨੇ ਫੋਰਮੈਨ ਦੀ ਜੇਬ ਗਰਮ ਕਰਕੇ ਕੰਮ ਲੈ ਲਿਆ। ਬੱਚਿਆਂ ਦੀ ਪੜ੍ਹਾਈ ਦੇ ਬਾਰੇ ਵੀ ਸੋਚਿਆ ਗਿਆ ਅਤੇ ਔਨਾ ਨੂੰ ਘਰ ਵਿਚ ਹੀ ਰਹਿ ਕੇ ਏਲਜ਼ਬਿਯੇਤਾ ਦੀ ਕੰਮ ਵਿੱਚ ਮੱਦਦ ਕਰਨੀ ਪੈਂਦੀ ਸੀ। ਜਲਦੀ ਹੀ ਉਹਨਾਂ ਆਪਣਾ ਮਕਾਨ ਵੀ ਲੈ ਲਿਆ ਜੋ ਕਿਸ਼ਤਾਂ 'ਤੇ ਸੀ। ਉਹਨਾਂ ਨੂੰ ਆਪਣੇ ਸੁਪਨੇ ਸਾਕਾਰ ਹੁੰਦੇ ਦਿੱਸੇ।

ਇਹਨਾਂ ਲੋਕਾਂ ਨੂੰ ਜਿੱਥੇ ਕੰਮ ਮਿਲਿਆ ਸੀ ਉਹਨਾਂ ਕੁਰੱਖਤ ਕਾਰਖਾਨਿਆਂ ਵਿੱਚ ਸਿਰਫ਼ ਮਾਸ ਦੀ ਪੈਕਿੰਗ ਹੀ ਨਹੀਂ ਹੁੰਦੀ ਸੀ ਸਗੋਂ ਪਸ਼ੂਆਂ ਦੇ ਰੌਲੇ ਨੂੰ ਛੱਡ ਕੇ ਉਹਨਾਂ ਦੇ ਹਰ ਅੰਗ ਨੂੰ 'ਉਪਯੋਗੀ' ਬਣਾਕੇ ਵੇਚ ਦਿੱਤਾ ਜਾਂਦਾ ਸੀ, ਗਲੇ-ਸੜੇ ਮਾਸ ਨੂੰ ਵੀ ਕੈਮਿਕਲ ਮਿਲਾਕੇ ਵੇਚ ਦਿੱਤਾ ਜਾਂਦਾ ਸੀ। ਇੱਥੇ ਯੂਰਗਿਸ ਨੇ ਬਹੁਤ ਵੱਡੇ ਪੱਧਰ 'ਤੇ ਇਕੱਠੀ ਹੋਈ ਪੂੰਜੀ ਅਤੇ ਮਨੁੱਖੀ ਮਿਹਨਤ ਦੇ ਜੋੜ ਨੂੰ ਦੇਖਿਆ। ਉਸਨੇ ਮਿਹਨਤ ਦੇ ਸਮਾਜੀਕਰਨ ਨੂੰ ਦੇਖਿਆ। ਇੱਥੇ ਹਜਾਰਾਂ ਲੋਕ ਇਕੱਠੇ ਕੰਮ ਕਰਦੇ ਸਨ। ਉਸਨੇ ਉਤਪਾਦਕਤਾ ਵਧਾਉਣ ਵਾਲ਼ੇ ਹੱਥਕੰਡੇ ਵੀ ਦੇਖੇ ਜਿਹਨਾਂ ਦੁਆਰਾ ਮਜ਼ਦੂਰਾਂ ਦੀ ਤਾਕਤ ਦਾ ਆਖਰੀ ਕਤਰਾ ਤੱਕ ਨਿਚੋੜ ਲਿਆ ਜਾਂਦਾ ਸੀ। ਇੱਥੇ ਯੂਰਗਿਸ ਨੂੰ ਮਜ਼ਦੂਰ ਯੂਨੀਅਨਾਂ ਬਾਰੇ ਵੀ ਪਤਾ ਲੱਗਿਆ ਜੋ ਮਜ਼ਦੂਰਾਂ ਦੇ ਹਿੱਤਾਂ ਦੇ ਲਈ ਅਵਾਜ਼ ਉਠਾਉਂਦੀਆਂ ਸਨ। ਇਥੇ ਹੀ ਯੂਰਗਿਸ ਦਾ ਸਾਹਮਣਾ ਮੁਨਾਫੇ ਦੀ ਦੁਨੀਆਂ ਨਾਲ਼ ਹੋਣਾ ਸ਼ੁਰੂ ਹੋਇਆ। ਇੰਨੀ ਮਿਹਨਤ ਕਰਕੇ ਜਿਸ ਤਰੱਕੀ ਬਾਰੇ ਉਹ ਇੰਨੀ ਸਰਲਤਾ ਨਾਲ਼ ਸੋਚਦਾ ਸੀ ਉਸਦੀ ਅਸਲੀਅਤ ਜਲਦੀ ਹੀ ਉਸਦੇ ਸਾਹਮਣੇ ਆ ਗਈ।

"ਯੂਰਗਿਸ ਇੱਥੇ ਇਹ ਸੋਚ ਕੇ ਆਇਆ ਸੀ ਕਿ ਉਹ ਉਪਯੋਗੀ ਕੰਮ ਕਰੇਗਾ ਅਤੇ ਕੁਸ਼ਲ ਮਜ਼ਦੂਰ ਬਣਕੇ ਤਰੱਕੀ ਕਰੇਗਾ ਪਰ ਜਲਦੀ ਹੀ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਜਾਏਗਾ ਕਿਉਂਕਿ ਪੂਰੇ ਪੈਕਿੰਗਟਾਊਨ ਵਿੱਚ ਚੰਗਾ ਕੰਮ ਕਰਕੇ ਕੋਈ ਤਰੱਕੀ ਨਹੀਂ ਕਰ ਸਕਦਾ। ਤੁਸੀਂ ਇਸਨੂੰ ਇੱਕ ਨਿਯਮ ਮੰਨ ਸਕਦੇ ਹੋ। ਜੇਕਰ ਤੁਹਾਨੂੰ ਪੈਕਿੰਗਟਾਊਨ ਵਿੱਚ ਤਰੱਕੀ ਕਰਦਾ ਹੋਇਆ ਕੋਈ ਆਦਮੀ ਮਿਲੇ ਤਾਂ ਮੰਨ ਲੈਣਾ ਤੁਹਾਡੀ ਮੁਲਾਕਾਤ ਕਿਸੇ ਚਲਾਕ ਆਦਮੀ ਨਾਲ਼ ਹੋਈ ਹੈ। ਆਪਣੇ ਸਾਥੀਆਂ ਦੇ ਬਾਰੇ ਕਿੱਸੇ ਘੜ੍ਹਨ ਵਾਲ਼ਾ ਅਤੇ ਉਹਨਾਂ

ਦੀ ਜਾਸੂਸੀ ਕਰਨ ਵਾਲ਼ਾ ਆਦਮੀ ਤਰੱਕੀ ਕਰੇਗਾ ਪਰ ਜੋ ਆਦਮੀ ਬਸ ਆਪਣੇ ਕੰਮ ਨਾਲ਼ ਮਤਲਬ ਰੱਖੇਗਾ ਉਸਨੂੰ ਇਹ ਲੋਕ 'ਰਫ਼ਤਾਰ ਵਧਾਕੇ' ਨਿਚੋੜ ਸੁੱਟਣਗੇ ਅਤੇ ਫਿਰ ਗਟਰ ਵਿੱਚ ਸੁੱਟ ਦੇਣਗੇ। "ਮਾਰਿਆ, ਯੋਨਾਸ ਅਤੇ ਅੰਤਾਨਾਸ ਦੀਆਂ ਕੰਮ ਕਰਨ ਦੀਆਂ ਸਥਿਤੀਆਂ ਵੀ ਲਗਭਗ ਅਜਿਹੀਆਂ ਹੀ ਸਨ। ਉਹਨਾਂ ਦੀਆਂ ਹੀ ਨਹੀਂ ਸਗੋਂ ਉਹਨਾਂ ਵਰਗੇ ਲੱਖਾਂ ਮਜ਼ਦੂਰ ਬਿਨਾਂ ਕਿਸੇ ਸੁਰੱਖਿਆ ਸਾਧਨ ਦੇ ਆਪਣਾ ਖੂਨ-ਪਸੀਨਾ ਇੱਕ ਕਰਦੇ ਸਨ ਅਤੇ ਪਸ਼ੂਆਂ ਦੀ ਤਰ੍ਹਾਂ ਖੁਦ ਵੀ ਮੌਤ ਦਾ ਸ਼ਿਕਾਰ ਹੁੰਦੇ ਸਨ। ਜਲਦੀ ਹੀ ਯੂਰਗਿਸ ਨੂੰ ਪਤਾ ਚੱਲਿਆ ਕਿ ਜੋ ਮਕਾਨ ਉਹਨਾਂ ਨੇ ਕਿਸ਼ਤਾਂ 'ਤੇ ਲਿਆ ਸੀ ਉਸ ਵਿੱਚ ਵੀ ਉਹਨਾਂ ਦੇ ਨਾਲ਼ ਧੋਖਾ ਹੋਇਆ ਹੈ। ਜਿਸ ਕੰਪਨੀ ਨੇ ਉਹਨਾਂ ਨੂੰ ਮਕਾਨ ਵੇਚਿਆ ਸੀ, ਉਹ ਕਈ ਵਾਰ ਇਸ ਮਕਾਨ ਨੂੰ ਵੇਚ ਚੁੱਕੀ ਹੈ ਅਤੇ ਇਥੇ ਉਹਨਾਂ ਦਾ ਇਕ ਪੂਰਾ ਗਿਰੋਹ ਸੀ ਜਿਸਦਾ ਕੰਮ ਲੋਕਾਂ ਨੂੰ ਸਬਜ਼ਬਾਗ ਦਿਖਾ ਕੇ ਠੱਗਣਾ ਸੀ। ਕੰਪਨੀ ਨੇ ਯੂਰਗਿਸ ਅਤੇ ਉਸਦੇ ਪਰਿਵਾਰ ਨੂੰ ਵਿਆਜ ਬਾਰੇ ਨਹੀਂ ਦੱਸਿਆ ਸੀ ਅਤੇ ਜੇਕਰ ਉਹ ਕਿਸ਼ਤ ਦੇ ਨਾਲ਼ ਵਿਆਜ ਨਹੀਂ ਦੇਂਦੇ ਤਾਂ ਦਿੱਤੇ ਗਏ ਪੈਸੇ ਅਤੇ ਮਕਾਨ ਦੋਨਾਂ ਤੋਂ ਹੀ ਉਹਨਾਂ ਨੂੰ ਹੱਥ ਧੋਣਾ ਪੈਂਦਾ। ਪਰ ਹਰ ਵਾਰ ਦੀ ਤਰ੍ਹਾਂ ਉਹਨਾਂ ਨੇ ਸੋਚਿਆ ਸੀ ਕਿ ਅਸੀਂ ਕਰੜੀ ਮਿਹਨਤ ਨਾਲ ਕੰਮ ਕਰਾਂਗੇ। ਓਨਾ ਅਤੇ ਏਲਜ਼ਬਿਅਤਾ ਦੇ ਵੱਡੇ ਲੜਕੇ (ਜੋ ਸਿਰਫ਼ 14 ਸਾਲ ਦਾ ਸੀ) ਨੇ ਵੀ ਕੰਮ 'ਤੇ ਜਾਣਾ ਸ਼ੁਰੂ ਕਰ ਦਿੱਤਾ। ਇਸੇ ਦੌਰਾਨ ਯੂਰਗਿਸ ਅਤੇ ਓਨਾ ਦਾ ਵਿਆਹ ਵੀ ਹੋ ਗਿਆ ਜਿਸਨੇ ਉਹਨਾਂ ਸਿਰ ਲਗਪਗ 100 ਡਾਲਰ ਦਾ ਕਰਜਾ ਚੜ੍ਹਾ ਦਿੱਤਾ। ਵਿਆਹ ਦੇ ਅਗਲੇ ਦਿਨ ਤੋਂ ਹੀ ਉਹਨਾਂ ਨੂੰ ਮੁਨਾਫੇ ਦੀ ਬੇਰਹਿਮ ਦੁਨੀਆਂ ਨਾਲ਼ ਟਕਰਾਉਣ ਲਈ ਕੰਮ 'ਤੇ ਨਿਕਲਣਾ ਪਿਆ। "ਉਹਨਾਂ ਦੇ ਸਿਰਾਂ 'ਤੇ ਥੁੜਾਂ ਦਾ ਨਿਰਦਈ ਚਾਬੁਕ ਲਹਿਰਾ ਰਿਹਾ ਸੀ। ਵਿਆਹ ਦੀ ਅਗਲੀ ਸਵੇਰ ਉਸਨੇ ਉਹਨਾਂ ਨੂੰ ਲੱਭ ਲਿਆ ਅਤੇ ਦਿਨ ਨਿਕਲਨ ਤੋਂ ਪਹਿਲਾਂ ਉਹਨਾਂ ਨੂੰ ਕੰਮ 'ਤੇ ਭੇਜ ਦਿੱਤਾ।"

ਅੰਤਾਨਾਸ (ਯੂਗ੍ਰਿਸ ਦੇ ਪਿਤਾ) ਦੇ ਕੰਮ ਦੀਆਂ ਭਿਅੰਕਰ ਗੰਦੀਆਂ ਸਥਿਤੀਆਂ ਕਾਰਨ ਪੈਰ ਗਲਣ ਲੱਗੇ ਅਤੇ ਹਰ ਵਕਤ ਰਹਿਣ ਵਾਲ਼ੀ ਸਿਲ੍ਹ ਕਾਰਨ ਉਹਨੂੰ ਭਿਅੰਕਰ ਖੰਘ ਨੇ ਜਕੜ ਲਿਆ ਤੇ ਐਸਾ ਜਕੜਿਆ ਕਿ ਖੂਨੀ ਖੰਘ ਦੇ ਇੱਕ ਜ਼ਬਰਦਸਤ ਦੌਰੇ ਨੇ ਉਸਦੀ ਜਾਨ ਹੀ ਲੈ ਲਈ। ਅੰਤਾਨਾਸ ਪਹਿਲਾ ਵਿਅਕਤੀ ਨਹੀਂ ਸੀ ਜਿਸਦੀ ਜਾਨ ਗਈ। ਸਰਦੀਆਂ ਵਿੱਚ ਨਿਮੋਨੀਏ ਅਤੇ ਫਲੂ ਦੇ ਹਮਲੇ ਹੁੰਦੇ ਸਨ ਜੋ ਸਾਲ ਭਰ ਭੁੱਖ ਅਤੇ ਕਪੋਸ਼ਣ ਨਾਲ਼ ਕਮਜ਼ੋਰ ਪਏ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦੇ ਸਨ। ਵੱਡੀ ਸੰਖਿਆ ਵਿੱਚ ਲੋਕ ਮੌਤ ਦਾ ਸ਼ਿਕਾਰ ਹੋ ਜਾਂਦੇ ਸਨ। ਪਰ ਹਜ਼ਾਰਾਂ ਨਵੇਂ ਬੇਰੁਜ਼ਗਾਰ ਲੋਕ ਉਹਨਾਂ ਦਾ ਸਥਾਨ ਲੈਣ ਲਈ ਆ ਜਾਂਦੇ ਸਨ। ਬੁੱਚੜਖਾਨਿਆਂ ਵਿੱਚ ਕੰਮ ਕਰਨ ਵਾਲ਼ੇ ਲੋਕਾਂ ਕੋਲ ਸੁਰੱਖਿਆ ਦੇ ਨਾਮ 'ਤੇ ਦਸਤਾਨਿਆਂ ਵਰਗਾ ਕੁੱਝ ਨਹੀਂ ਸੀ ਅਤੇ ਛੁਰੀਆਂ-ਚਾਕੂਆਂ ਨਾਲ ਕੰਮ ਕਰਦੇ ਸਮੇਂ ਹਮੇਸ਼ਾ ਕੀਟਾਣੂਆਂ ਸੰਬੰਧੀ ਬਿਮਾਰੀਆਂ ਫੈਲਣ ਦਾ ਖਤਰਾ ਸੀ। ਸਰਦੀਆਂ ਵਿਚ ਪਰਿਵਾਰ ਨੂੰ ਭਿਅੰਕਰ ਤੰਗੀ ਦਾ ਸ਼ਿਕਾਰ ਹੋਣਾ ਪਿਆ, ਉਹਨਾਂ ਕੋਲ ਨਾ ਤਾਂ ਜਲਾਉਣ ਲਈ ਕੋਲਾ ਸੀ ਤੇ ਨਾ ਹੀ ਉੱਤੇ ਲੈਣ ਲਈ ਪੂਰੇ ਕੱਪੜੇ ਸਨ। ਇਸ ਪ੍ਰਕਾਰ ਉਹ ਜੀਵਨ ਦੀਆਂ ਕਠੋਰ ਸ਼ਰਤਾਂ 'ਤੇ ਜੀ ਰਹੇ ਸਨ। "ਉਹ ਸਾਰਾ ਦਿਨ ਅਤੇ ਸਾਰੀ ਰਾਤ ਡਰ ਨਾਲ ਜਿਉਂਦੇ ਸਨ, ਦਰਅਸਲ ਇਹ ਜਿਉਂਣਾ ਨਹੀਂ ਸੀ; ਇਸਨੂੰ ਤਾਂ ਹੋਂਦ ਨੂੰ ਬਣਾਈ ਰੱਖਣਾ ਵੀ ਬੜੀ ਮੁਸ਼ਕਿਲ ਨਾਲ ਕਿਹਾ ਜਾ ਸਕਦਾ ਸੀ। ਉਹਨਾਂ ਨੂੰ ਲੱਗਦਾ ਸੀ ਕੇ ਉਹ ਬੜੀ ਮਹਿੰਗੀ ਕੀਮਤ ਚੁੱਕਾ ਰਹੇ ਹਨ। ਉਹ ਸਾਰਾ ਸਮਾਂ ਕੰਮ ਕਰਨ ਲਈ ਤਿਆਰ ਸਨ; ਅਤੇ ਜਦੋਂ ਲੋਕ ਆਪਣੀ ਪੂਰੀ ਤਾਕਤ ਲਗਾ ਕੇ ਕੰਮ ਕਰਦੇ ਹਨ ਤਾਂ ਕੀ ਉਹਨਾਂ ਨੂੰ ਜੀਉਣ ਦਾ ਵੀ ਅਧਿਕਾਰ ਨਹੀਂ ਮਿਲਣਾ ਚਾਹੀਦਾ? ਹੁਣ ਘਟਨਾਵਾਂ ਮੋੜ ਲੈਣਾ ਸ਼ੁਰੂ ਕਰਦੀਆਂ ਹਨ। ਮਾਰਿਆ ਦੀ ਨੌਕਰੀ ਛੁੱਟ ਜਾਂਦੀ ਹੈ ਅਤੇ ਓਨਾ ਨੂੰ ਉਸਦੀ ਫੈਕਟਰੀ ਦੀ ਮਾਲਕਣ ਅਤੇ ਫੋਰਮੈਨ ਦੇ ਦੁਆਰਾ ਮਜ਼ਬੂਰ ਕੀਤਾ ਜਾਂਦਾ ਹੈ ਕਿ ਉਹ ਆਪਣੇ ਅਤੇ ਆਪਣੇ ਪਰਿਵਾਰ ਦੀ ਹੋਂਦ ਨੂੰ ਬਚਾਉਣ ਲਈ ਦੇਹ ਦਾ ਸੌਦਾ ਕਰੇ। ਇਸੇ ਦੌਰਾਨ ਯੂਰਗਿਸ ਇਕ ਬੱਚੇ ਦਾ ਪਿਤਾ ਬਣ ਗਿਆ ਅਤੇ ਉਸਦਾ ਨਾਂ ਵੀ ਯੂਰਗਿਸ ਦੇ ਪਿਤਾ ਦੀ ਯਾਦ ਵਿੱਚ ਅੰਤਾਨਾਸ ਰੱਖਿਆ ਗਿਆ। ਯੋਨਾਸ ਬਦਹਾਲੀ ਤੋਂ ਤੰਗ ਆ ਕੇ ਕਿਤੇ ਚਲਿਆ ਗਿਆ ਕਿਉਂਕਿ ਆਪਣੇ ਹਿੱਸੇ ਦਾ ਖਰਚ ਦੇਣ ਦੇ ਬਾਵਜੂਦ ਵੀ ਪਰਿਵਾਰ ਵਿਚ ਉਸਨੂੰ ਸਕੂਨ ਨਸੀਬ ਨਹੀਂ ਹੋਇਆ। ਯੂਰਗਿਸ ਕੰਮ ਦੌਰਾਨ ਜਦੋਂ ਕਿਸੇ ਜਾਨਵਰ ਤੋਂ ਜ਼ਖ਼ਮੀ ਹੋ ਗਿਆ ਤਾਂ ਉਸਨੂੰ ਕਈ ਦਿਨਾਂ ਤੱਕ ਆਰਾਮ ਦੀ ਜਰੂਰਤ ਪਈ ਪਰ ਉਸਦੀ ਜਗ੍ਹਾ 'ਤੇ ਦੂਜਾ ਆਦਮੀ ਰੱਖ ਲਿਆ ਗਿਆ, "ਹੁਣ ਉਸਨੂੰ ਹੋਰ ਹਜ਼ਾਰਾਂ ਲੋਕਾਂ ਦੀ ਤਰ੍ਹਾਂ ਬੇਰੁਜ਼ਗਾਰ ਹੋਣਾ ਪਿਆ ਕਿਉਂਕਿ ਹੁਣ ਉਹ ਇੱਕ ਕਮਜ਼ੋਰ ਅਤੇ ਨਿਚੋੜ ਲਿਆ ਗਿਆ ਪੁਰਜਾ ਮਾਤਰ ਸੀ। ਏਲਜ਼ਬਿਯਤਾ ਦੇ ਸਭ ਤੋਂ ਛੋਟੇ ਬੱਚੇ ਦੀ ਬਦਹਾਲੀ ਕਾਰਨ ਮੌਤ ਹੋ ਗਈ ਅਤੇ ਦੂਜੇ ਬੱਚੇ ਅਖਬਾਰ ਵੇਚ ਕੇ ਪਰਿਵਾਰ ਦੀ ਮੱਦਦ ਕਰਨ ਲੱਗੇ। ਜਦੋਂ ਯੂਰਗਿਸ ਨੂੰ ਪਤਾ ਲੱਗਿਆ ਕਿ ਕਾਨਰ ਨਾਂ ਦੇ ਫੋਰਮੈਨ ਨੇ ਓਨਾ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਹੈ ਤਾਂ ਯੂਰਗਿਸ ਦਾ ਖੂਨ ਖੌਲ ਉੱਠਿਆ। ਉਸਨੇ ਕਾਨਰ ਨੂੰ ਬਹੁਤ ਬੁਰੀ ਤਰ੍ਹਾਂ ਕੁੱਟਿਆ ਜਿਸ ਕਰਕੇ ਉਸਨੂੰ 33 ਦਿਨਾਂ ਦੀ ਜੇਲ੍ਹ ਹੋ ਗਈ। ਇਸ ਤਰ੍ਹਾਂ ਉਸਦੇ ਸੁਪਨੇ ਤਾਸ਼ ਦੇ ਪੱਤਿਆਂ ਦੀ ਤਰ੍ਹਾਂ ਖਿੰਡਦੇ ਚਲੇ ਗਏ। ਯੂਰਗਿਸ ਇਥੋਂ ਹੀ ਟੁੱਟਣਾ ਸ਼ੁਰੂ ਹੋ ਗਿਆ ਅਤੇ ਜੇਲ੍ਹ ਵਿੱਚੋਂ ਛੁੱਟਣ ਤੱਕ ਉਸਦਾ ਮਕਾਨ ਵੀ ਖੋਹ ਲਿਆ ਗਿਆ ਸੀ। ਉਹ ਫਿਰ ਤੋਂ ਕਿਰਾਏ ਦੇ ਘਰ ਵਿੱਚ ਆ ਗਏ। ਉੱਥੇ ਓਨਾ ਦੀ ਕਮਜ਼ੋਰੀ ਕਾਰਨ ਦੂਸਰਾ ਬੱਚਾ ਪੈਦਾ ਹੁੰਦੇ ਸਮੇਂ ਮੌਤ ਹੋ ਜਾਂਦੀ ਹੈ।ਪਰ ਯੂਰਗਿਸ ਨੇ ਆਪਣੇ ਪਹਿਲੇ ਬੇਟੇ ਅੰਤਾਨਾਸ ਦੀ ਖਾਤਿਰ ਇੱਕ ਵਾਰ ਫਿਰ ਸੰਘਰਸ਼ ਕਰਨ ਦੀ ਕੋਸ਼ਿਸ਼ ਕੀਤੀ। ਉਹ ਓਨਾ ਦੇ ਦਫਨਾਏ ਜਾਣ ਤੋਂ ਪਹਿਲਾਂ ਹੀ ਕੰਮ ਲੱਭਣ ਨਿਕਲ ਪਿਆ ਪਰ ਉਸਨੂੰ "ਬਲੈਕ ਲਿਸਟ" ਵਿੱਚ ਪਾਇਆ ਜਾ ਚੁੱਕਿਆ ਸੀ ਕਿਉਂਕਿ ਉਸਨੇ ਇੱਕ ਫੋਰਮੈਨ ਨੂੰ ਕੁੱਟਣ ਦੀ ਹਿੰਮਤ ਕੀਤੀ ਸੀ। ਯੂਨੀਅਨ ਦੇ ਕੁਝ ਪੁਰਾਣੇ ਸਾਥੀਆਂ ਦੀ ਮੱਦਦ ਨਾਲ਼ ਉਸਨੂੰ ਹਾਰਵੈਸਟਰ ਦੇ ਕਾਰਖਾਨੇ ਵਿੱਚ ਕੰਮ ਮਿਲ ਗਿਆ ਜੋ ਨੌਂ ਦਿਨ ਬਾਅਦ ਹੀ ਤਾਲਾਬੰਦੀ ਕਾਰਨ ਛੁੱਟ ਗਿਆ। ਫਿਰ ਯੂਰਗਿਸ ਨੇ ਅਨੇਕ ਥਾਵਾਂ 'ਤੇ ਕੰਮ ਲੱਭਣ ਦੀ ਕੋਸ਼ਿਸ਼ ਕੀਤੀ ਪਰ ਹਰ ਜਗ੍ਹਾ ਨਿਰਾਸ਼ਾ ਹੀ ਹੱਥ ਲੱਗੀ। ਫਿਰ ਯੂਰਗਿਸ ਨੂੰ ਇੱਕ ਸਟੀਲ ਕਾਰਖਾਨੇ ਵਿੱਚ ਕੰਮ ਮਿਲਦਾ ਹੈ। ਇਸੇ ਦੌਰਾਨ ਇਕ ਟੋਭੇ ਵਿੱਚ ਡੁੱਭਣ ਕਰਕੇ ਅੰਤਾਨਾਸ ਦੀ ਮੌਤ ਹੋ ਗਈ। ਇਸ ਨੇ ਯੂਰਗਿਸ ਨੂੰ ਬੁਰੀ ਤਰ੍ਹਾਂ ਨਾਲ਼ ਤੋੜ ਦਿੱਤਾ। ਜੀਵਨ ਵਿੱਚ ਹੁਣ ਉਸਦੀ ਆਸਥਾ ਡਗਮਗਾਉਣ ਲੱਗੀ

ਅਤੇ ਉਸਦੀਆਂ ਭਾਵਨਾਵਾਂ ਖਤਮ ਹੋ ਗਈਆਂ। ਉਹ ਘਰ ਛੱਡ ਕੇ ਦੇਹਾਤੀ ਖੇਤਰ ਵੱਲ ਚਲਾ ਗਿਆ। ਕੁਝ ਦਿਨ ਅਵਾਰਾਗਰਦੀ ਵਿੱਚ ਬਿਤਾਉਣ ਤੋਂ ਬਾਅਦ ਉਹ ਫਿਰ ਸ਼ਹਿਰ ਆ ਜਾਂਦਾ ਹੈ ਜਿੱਥੇ ਉਸਨੂੰ ਰੇਲਵੇ ਸੁਰੰਗ ਖੋਦਣ ਦਾ ਕੰਮ ਮਿਲ ਜਾਂਦਾ ਹੈ। ਉਥੇ ਫਿਰ ਤੋਂ ਇੱਕ ਦੁਰਘਟਨਾ ਨੇ ਉਸਨੂ ਲੰਗੜਾ ਬਣਾ ਦਿੱਤਾ ਅਤੇ ਉਹ ਫਿਰ ਤੋਂ ਸੜਕ 'ਤੇ ਆ ਗਿਆ ਜਿੱਥੇ ਉਸ ਵਰਗੇ ਥੱਕੇ-ਟੁੱਟੇ ਬਹੁਤ ਲੋਕ ਸੀ ਜਿਹਨਾਂ ਨੂੰ ਮੁਨਾਫੇ ਦੀ ਦੁਨੀਆਂ ਨੇ ਨਿਚੋੜ ਕੇ ਸਮਾਜ 'ਚੋਂ ਬਾਹਰ ਕਰ ਦਿੱਤਾ ਸੀ। ਇੱਥੇ ਯੂਰਗਿਸ ਭੀਖ ਮੰਗਣ ਲਈ ਮਜਬੂਰ ਹੋ ਗਿਆ। ਇਹਨਾਂ ਉਤਾਰਾਂ-ਚੜਾਵਾਂ ਦੇ ਦੌਰਾਨ ਹੀ ਅਮਰੀਕਾ ਵਿਚ ਚੋਣਾਂ ਸ਼ੁਰੂ ਹੋ ਗਈਆਂ ਜਿੱਥੇ ਯੂਰਗਿਸ ਨੇ ਡੈਮੋਕ੍ਰੇਟਾਂ ਅਤੇ ਰਿਪਬਲਿਕਨਾਂ ਦੀਆਂ ਵੋਟ ਤਿਕੜਮਾਂ ਤੇ ਧੋਖੇਬਾਜੀਆਂ ਦੇਖੀਆਂ। "ਅਤੇ ਇਸ ਤਰ੍ਹਾਂ ਯੂਰਗਿਸ ਨੂੰ ਸ਼ਿਕਾਗੋ ਦੀ ਦੁਨੀਆਂ ਦੇ ਉੱਚੇ ਤਬਕਿਆਂ ਦੀ ਇੱਕ ਝਲਕ ਮਿਲੀ। ਇਸ ਸ਼ਹਿਰ 'ਤੇ ਨਾਮ ਲਈ ਤਾਂ ਲੋਕਾਂ ਦਾ ਸ਼ਾਸਨ ਸੀ ਪਰ ਇਸਦਾ ਅਸਲੀ ਮਾਲਕ ਸਰਮਾਏਦਾਰਾਂ ਦੀ ਇੱਕ ਜੁੰਡਲੀ ਸੀ। ਅਤੇ ਸੱਤਾ ਆਪਣੇ ਹੱਥਾਂ ਵਿਚ ਕਾਇਮ ਰੱਖਣ ਲਈ ਅਪਰਾਧੀਆਂ ਦੀ ਇੱਕ ਲੰਬੀ-ਚੌੜੀ ਫੋਜ ਦੀ ਜਰੂਰਤ ਪੈਂਦੀ ਸੀ। ਸਾਲ ਵਿਚ ਦੋ ਵਾਰ ਬਸੰਤ ਅਤੇ ਪੱਤਝੜ ਦੇ ਮੌਸਮ ਦੇ ਸਮੇਂ ਹੋਣ ਵਾਲ਼ੀਆਂ ਚੋਣਾਂ ਵਿੱਚ ਸਰਮਾਏਦਾਰ ਲੱਖਾਂ ਡਾਲਰ ਮੁਹੱਈਆ ਕਰਵਾਉਂਦੇ ਸੀ ਜਿਹਨਾਂ ਨੂੰ ਇਹ ਫੌਜ ਖਰਚ ਕਰਦੀ ਸੀ - ਮੀਟਿੰਗਾਂ ਅਯੋਜਿਤ ਕੀਤੀਆਂ ਜਾਂਦੀਆਂ ਸਨ ਅਤੇ ਕੁਸ਼ਲ ਬੁਲਾਰੇ ਭਾੜੇ 'ਤੇ ਬੁਲਾਏ ਜਾਂਦੇ ਸਨ ਅਤੇ ਆਤਿਸ਼ਬਾਜੀ ਕੀਤੀ ਜਾਂਦੀ ਸੀ, ਟਨਾਂ ਦੀ ਗਿਣਤੀ ਵਿੱਚ ਪਰਚੇ ਅਤੇ ਹਜਾਰਾਂ ਲਿਟਰ ਸ਼ਰਾਬ ਵੰਡੀ ਜਾਂਦੀ ਸੀ। ਕਈ ਹਜ਼ਾਰਾਂ ਵੋਟ ਪੈਸੇ ਦੇ ਕੇ ਖਰੀਦੇ ਜਾਂਦੇ ਸਨ। ਜਾਹਿਰ ਹੈ ਕਿ ਅਪਰਾਧੀਆਂ ਦੀ ਇਸ ਫੌਜ ਨੂੰ ਸਾਲ ਭਰ ਟਿਕਾਈ ਰੱਖਣਾ ਪੈਂਦਾ ਸੀ। ਲੀਡਰਾਂ ਅਤੇ ਜੱਥਬੰਦਕਾਂ ਦਾ ਖਰਚ ਸਰਮਾਏਦਾਰਾਂ ਤੋਂ ਸਿੱਧੇ ਮਿਲਣ ਵਾਲੇ ਪੈਸੇ ਨਾਲ ਚੱਲਦਾ ਸੀ - ਪ੍ਰੀਸ਼ਦਾਂ ਅਤੇ ਵਿਧਾਨਿਕਾਂ ਦਾ ਰਿਸ਼ਵਤ ਨਾਲ, ਪਾਰਟੀ ਅਹੁਦੇਦਾਰਾਂ ਦਾ ਚੋਣ ਪ੍ਰਚਾਰ ਦੇ ਫੰਡ ਨਾਲ਼, ਵਕੀਲਾਂ ਦਾ ਤਨਖਾਹ ਨਾਲ਼, ਯੂਨੀਅਨ ਆਗੂਆਂ ਦਾ ਚੰਦੇ ਨਾਲ਼ ਅਤੇ ਅਖਬਾਰ ਮਾਲਕਾਂ ਅਤੇ ਸੰਪਾਦਕਾਂ ਦਾ ਵਿਗਿਆਪਨਾਂ ਨਾਲ "ਅੰਤ ਵਿਚ ਇਹ ਸਾਰਾ ਖਰਚ ਮਜ਼ਦੂਰ ਅਤੇ ਗਰੀਬ ਆਬਾਦੀ ਤੋਂ ਹੀ ਵਸੂਲ ਹੁੰਦਾ ਸੀ। ਚੋਣਾਂ ਵਿੱਚ ਯੂਰਗਿਸ ਨੇ ਵੀ ਕੁਝ ਹੱਥ ਮਾਰਿਆ ਅਤੇ ਪੈਸੇ ਨੂੰ ਅਮਾਨਵੀਕਰਨ ਦੇ ਕਾਰਣ ਜੂਏ, ਸ਼ਰਾਬ ਅਤੇ ਮੌਜ ਮਸਤੀ ਵਿੱਚ ਉਡਾ ਦਿੱਤਾ। ਉਸਨੇ ਅਲਜ਼ਬਿਯੇਤਾ ਅਤੇ ਪਰਿਵਾਰ ਬਾਰੇ ਸੋਚਣਾ ਹੀ ਛੱਡ ਦਿੱਤਾ। ਚੋਣਾਂ ਦੇ ਬਾਅਦ ਪੈਕਰਾਂ ਅਤੇ ਯੂਨੀਅਨਾਂ ਦੇ ਵਿੱਚ ਹੋਏ ਸਮਝੋਤੇ ਦਾ ਅਰਸਾ ਖਤਮ ਹੋ ਗਿਆ। ਇੱਕ ਪਾਸੇ ਮਾਲਕ ਮਜ਼ਦੂਰੀ ਨੂੰ ਘਟਾਉਂਦੇ ਜਾ ਰਹੇ ਸਨ ਅਰਥਾਤ ਛਾਂਟੀ ਕਰ ਰਹੇ ਸੀ ਦੂਜੇ ਪਾਸੇ ਮਜ਼ਦੂਰ ਇਸਦੇ ਵਿਰੋਧ ਵਿੱਚ ਹੜਤਾਲ ਦਾ ਫੈਸਲਾ ਕਰ ਚੁੱਕੇ ਸਨ। ਪੰਜਾਹ-ਸੱਠ ਹਜ਼ਾਰ ਮਜ਼ਦੂਰਾਂ ਨੇ ਕੰਮ ਛੱਡ ਦਿੱਤਾ ਅਤੇ ਫੈਕਟਰੀਆਂ ਵਿੱਚੋਂ ਬਾਹਰ ਆ ਗਏ। ਦੇਸ਼ ਵਿਆਪੀ 'ਮਾਸ ਹੜਤਾਲ' ਸ਼ੁਰੂ ਹੋ ਗਈ। ਯੂਰਗਿਸ ਹੜਤਾਲ ਦੇ ਗ਼ੱਦਾਰਾਂ ਵਿੱਚ ਸ਼ਾਮਲ ਹੋ ਜਾਂਦਾ ਹੈ। ਪੂੰਜੀਪਤੀ ਭਿੰਨ-ਭਿੰਨ ਤਰੀਕਿਆਂ ਨਾਲ਼ ਮਜ਼ਦੂਰਾਂ ਨੂੰ ਹਰਾਉਣ 'ਤੇ ਆਏ ਹੋਏ ਸਨ। ਦੂਰ-ਦੂਰ ਤੋਂ ਖਿਚ ਕੇ ਮਜ਼ਦੂਰਾਂ ਨੂੰ ਕੰਮ ਲਈ ਲਿਆਇਆ ਜਾ ਰਿਹਾ ਸੀ। ਯੂਰਗਿਸ ਨੇ ਇਸ ਸਮੇਂ ਮਹਿੰਗੀ ਮਜ਼ਦੂਰੀ 'ਤੇ ਕੰਮ ਕੀਤਾ ਅਤੇ ਖੂਬ ਪੈਸਾ ਕਮਾਇਆ। ਇੱਥੇ ਉਸਦੀ ਕਾਨਰ ਨਾਲ਼ ਫਿਰ ਲੜਾਈ ਹੋ ਜਾਂਦੀ ਹੈ ਅਤੇ ਯੂਰਗਿਸ ਫਸਾਦ ਦੇ ਆਰੋਪ ਵਿੱਚ ਫਿਰ ਜੇਲ੍ਹ ਜਾਂਦਾ ਹੈ ਅਤੇ ਸਾਰਾ ਪੈਸਾ ਗਵਾ ਦਿੰਦਾ ਹੈ।

ਜੇਲ੍ਹ ਤੋਂ ਛੁੱਟਣ ਤੋਂ ਬਾਅਦ ਯੂਰਗਿਸ ਫਿਰ ਤੋਂ ਸਮਾਜ ਤੋਂ ਛੇਕਿਆ ਆਵਾਰਾ ਅਤੇ ਲੰਗੜਾ ਹੋ ਗਿਆ। ਕਈ ਦਿਨਾਂ ਤੱਕ ਉਹ ਇਸ ਤਰ੍ਹਾਂ ਹੀ ਭੁੱਖ ਨਾਲ਼ ਤੜਫਦਾ ਭਟਕਦਾ ਰਿਹਾ। ਕੁਝ ਦਿਨਾਂ ਬਾਅਦ ਹੜਤਾਲ ਖਤਮ ਹੋ ਜਾਣ ਅਤੇ ਅੱਧੇ ਹੜਤਾਲੀਆਂ ਨੂੰ ਕੰਮ 'ਤੇ ਵਾਪਸ ਰੱਖਣ ਤੋਂ ਬਾਅਦ ਵੀ ਬੇਰੁਜ਼ਗਾਰੀ ਦੇ ਸੰਕਟ 'ਤੇ ਕੋਈ ਫਰਕ ਨਹੀਂ ਪਿਆ। ਹਜਾਰਾਂ ਲੋਕ ਹੁਣ ਵੀ ਕੰਮ ਦੀ ਤਲਾਸ਼ ਵਿਚ ਸੜਕਾਂ 'ਤੇ ਸਨ। "ਸਵੇਰ ਤੋਂ ਯੂਰਗਿਸ ਕੰਮ ਦੇ ਲਈ ਭੀਖ ਮੰਗਦਾ ਹੋਇਆ ਉਦੋਂ ਤੱਕ ਚੱਲਦਾ ਰਹਿੰਦਾ ਜਦੋਂ ਤੱਕ ਥੱਕ ਕੇ ਬੈਠ ਨਾ ਜਾਂਦਾ, ਉਹ ਇੱਕ ਜਗ੍ਹਾ ਰੁਕ ਨਹੀਂ ਸਕਦਾ ਸੀ - ਬੇਚੈਨ ਅੱਖਾਂ ਨਾਲ਼ ਚਾਰ-ਚੁਫੇਰੇ ਦੇਖਦਾ ਹੋਇਆ ਉਹ ਭਟਕਦਾ ਰਹਿੰਦਾ। ਉਸ ਵਿਸ਼ਾਲ ਸ਼ਹਿਰ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜਿੱਥੇ ਵੀ ਉਹ ਜਾਂਦਾ, ਉਸ ਵਰਗੇ ਸੈਂਕੜੇ ਲੋਕ ਉਥੇ ਪਹਿਲਾਂ ਤੋਂ ਹੀ ਮੌਜੂਦ ਹੁੰਦੇ। ਹਰ ਜਗ੍ਹਾ ਇੱਕੋ ਜਿਹਾ ਹੀ ਦ੍ਰਿਸ਼ ਸੀ - ਕੰਮ ਲਈ ਭਕਟਦੇ ਹੋਏ ਲੋਕਾਂ ਦੀ ਭੀੜ ਅਤੇ ਉਸਨੂੰ ਖਦੇੜਦੇ ਹੋਏ ਸੱਤਾ ਦੇ ਹੱਥ। ਇੱਕ ਤਰ੍ਹਾਂ ਦੀ ਜੇਲ੍ਹ ਉਹ ਹੁੰਦੀ ਹੈ ਜਿਸ ਵਿਚ ਆਦਮੀ ਸਲਾਖਾਂ ਪਿੱਛੇ ਅਤੇ ਉਸਦੀ ਚਾਹਤ ਦੀ ਹਰ ਚੀਜ਼ ਬਾਹਰ ਹੁੰਦੀ ਹੈ; ਪਰ ਇੱਕ ਤਰ੍ਹਾਂ ਦੀ ਜੇਲ੍ਹ ਹੁੰਦੀ ਹੈ ਜਿੱਥੇ ਸਾਰੀਆਂ ਚੀਜਾਂ ਸਲਾਖਾਂ ਦੇ ਪਿੱਛੇ ਰਹਿੰਦੀਆਂ ਹਨ ਪਰ ਆਦਮੀ ਬਾਹਰ ਹੁੰਦਾ ਹੈ।" ਇੱਕ ਦਿਨ ਯੂਰਗਿਸ ਦੀ ਮੁਲਾਕਾਤ ਮਾਰਿਆ ਨਾਲ਼ ਹੋ ਗਈ ਜਿਸਨੂੰ ਹਾਲਾਤਾਂ ਨੇ ਵੇਸ਼ਵਾਗਮਨੀ ਦੇ ਵੱਲ ਧੱਕ ਦਿੱਤਾ ਸੀ, ਉਹ ਹੀ ਹੁਣ ਪਰਿਵਾਰ ਦਾ ਖਰਚ ਚਲਾ ਰਹੀ ਸੀ। ਮਾਰਿਆ ਤੋਂ ਯੂਰਗਿਸ ਨੂੰ ਪਤਾ ਚੱਲਿਆ ਕਿ ਏਲਜ਼ਬਿਅਤਾ ਦੇ ਵੱਡੇ ਲੜਕੇ ਸਤਾਨਿਸਲੋਵਾਸ ਦੀ ਵੀ ਮੌਤ ਹੋ ਗਈ ਹੈ ਜੋ ਕੇਵਲ 14-15 ਸਾਲਾਂ ਦਾ ਸੀ। ਇਹ ਉਸ ਸਮੇਂ ਹੋਇਆ ਜਦ ਉਹ ਗਲਤੀ ਨਾਲ ਇੱਕ ਰਾਤ ਫੈਕਟਰੀ ਵਿੱਚ ਹੀ ਸੌਂ ਗਿਆ ਜਿੱਥੇ ਚੂਹਿਆਂ ਨੇ ਉਸਨੂੰ ਕੁਤਰ ਦਿੱਤਾ। ਮਾਰਿਆ ਨੇ ਯੂਰਗਿਸ ਨੂੰ ਘਰ ਜਾਣ ਲਈ ਵੀ ਕਿਹਾ ਪਰ ਹੁਣ ਉਹ ਜਾਣ ਦੀ ਹਿੰਮਤ ਨਹੀਂ ਕਰ ਸਕਿਆ।

ਇਸ ਤਰ੍ਹਾਂ ਹੀ ਯੂਰਗਿਸ ਇੱਕ ਵਾਰ ਠੰਢ ਤੋਂ ਬਚਣ ਲਈ ਇੱਕ ਹਾਲ ਵਿੱਚ ਪਹੁੰਚ ਜਾਂਦਾ ਹੈ ਜਿੱਥੇ ਇੱਕ ਸਭਾ ਹੋ ਰਹੀ ਸੀ, ਇੱਥੇ ਯੂਰਗਿਸ ਨੂੰ ਕੁਝ ਭਾਸ਼ਣ ਸੁਣਨ ਦਾ ਮੌਕਾ ਮਿਲਦਾ ਹੈ। ਇਹ ਸਭਾ ਸੋਸ਼ਲਿਸਟਾਂ ਦੀ ਸੀ ਜੋ ਸਮਾਜਵਾਦ ਦਾ ਪ੍ਰਚਾਰ ਕਰ ਰਹੇ ਸਨ। ਇੱਕ ਆਦਮੀ ਮੰਚ ਤੋਂ ਭਾਸ਼ਣ ਦੇ ਰਿਹਾ ਸੀ :

"ਮੈਂ ਤੁਹਾਨੂੰ ਅਪੀਲ ਕਰਦਾ ਹਾਂ" ਉਸਨੇ ਕਿਹਾ, "ਤੁਸੀਂ ਚਾਹੇ ਜੋ ਵੀ ਹੋਵੋਂ, ਬਾਸ਼ਰਤੇ ਤੁਸੀਂ ਸੱਚਾਈ ਦੀ ਫਿਕਰ ਕਰਦੇ ਹੋ; ਪਰ ਸਭ ਤੋਂ ਵੱਧ ਮੈਂ ਮਜ਼ਦੂਰਾਂ ਨੂੰ ਅਪੀਲ ਕਰਦਾ ਹਾਂ ਜਿਹਨਾਂ ਲਈ ਇਹ ਭਿਆਨਕ ਗੱਲਾਂ ਜਿਸਦਾ ਮੈਂ ਹੁਣੇ ਹੀ ਜਿਕਰ ਕੀਤਾ, ਮਹਿਜ਼ ਭਾਵਨਾ ਦੀਆਂ ਗੱਲਾਂ ਨਹੀਂ ਹਨ ਜਿਹਨਾਂ ਨਾਲ ਦਿਲ ਬਹਿਲਾਇਆ ਜਾਵੇ ਅਤੇ ਫਿਰ ਕਿਨਾਰੇ ਰੱਖ ਕੇ ਭੁੱਲ ਜਾਈਏ - ਜਿਹਨਾਂ ਲਈ ਇਹ ਰੋਜਾਨਾ ਦੀਆਂ ਕਠੋਰ ਅਤੇ ਤਲਖ ਸੱਚਾਈਆਂ ਹਨ, ਉਹਨਾਂ ਦੇ ਸਰੀਰ 'ਤੇ ਜਕੜੀਆਂ ਜ਼ੰਜੀਰਾਂ ਹਨ, ਉਹਨਾਂ ਦੀ

ਪਿੱਠ 'ਤੇ ਪੈਣ ਵਾਲ਼ੇ ਸ਼ੈਂਟੇ ਹਨ ਅਤੇ ਉਹਨਾਂ ਦੀ ਆਤਮਾ ਨੂੰ ਝੁਲਸਾਉਣ ਵਾਲ਼ੇ ਅੰਗਿਆਰ। ਮੈਂ ਤੁਹਾਨੂੰ ਕਹਿੰਦਾ ਹਾਂ ਕਿਰਤੀ ਲੋਕੋ ! ਤੁਹਾਨੂੰ ਸਭ ਮਿਹਨਤ ਕਰਨ ਵਾਲ਼ਿਆਂ ਨੂੰ ਜਿਹਨਾਂ ਨੇ ਇਹ ਦੇਸ਼ ਬਣਾਇਆ ਹੈ ਪਰ ਇਸਨੂੰ ਚਲਾਉਣ ਵਾਲ਼ੀਆਂ ਸਭ ਪ੍ਰੀਸ਼ਦਾਂ ਵਿੱਚ ਜਿਹਨਾਂ ਦੀ ਕੋਈ ਆਵਾਜ਼ ਨਹੀਂ। ਤੁਹਾਨੂੰ, ਜਿਹਨਾਂ ਦੀ ਤਕਦੀਰ ਹੈ ਸਿਰਫ ਬੀਜਣਾ ਤਾਂਕਿ ਫਸਲ ਦੂਜੇ ਕੱਟ ਕੇ ਲੈ ਜਾਣ; ਦੂਜਿਆਂ ਦੇ ਹੁਕਮ ਦੇ ਕੰਮ ਵਿੱਚ ਲੱਗੇ ਰਹਿਣਾ ਅਤੇ ਬੋਝ ਢੋਣ ਵਾਲੇ ਪਸ਼ੂ ਤੋਂ ਵੱਧ ਕਿਸੇ ਚੀਜ ਦੀ ਮੰਗ ਨਾ ਕਰਨਾ, ਬਸ ਇੰਨਾ ਹੀ ਪਾਉਣਾ ਕਿ ਅਗਲੇ ਦਿਨ ਤੱਕ ਜੀ ਸਕੋ। ਮੈਂ ਤੁਹਾਡੇ ਕੋਲ ਹੀ ਮੁਕਤੀ ਦਾ ਸੰਦੇਸ਼ ਲੈ ਕੇ ਆਇਆ ਹਾਂ, ਮੈਂ ਤੁਹਾਨੂੰ ਹੀ ਅਪੀਲ ਕਰਦਾ ਹਾਂ..."

ਯੁਰਗਿਸ ਨੇ ਮਹਿਸੂਸ ਕੀਤਾ ਕਿ ਇਹ ਗੱਲਾਂ ਸਿੱਧੇ ਤੌਰ 'ਤੇ ਉਸਦੀ ਜਿੰਦਗੀ ਨਾਲ਼ ਜੁੜਦੀਆਂ ਸੀ। ਉਸਨੇ ਜਾਣਿਆ ਕਿ ਸਮਾਜਵਾਦੀ ਉਹ ਲੋਕ ਸਨ ਜਿਹਨਾਂ ਨੂੰ ਖਰੀਦਿਆ ਨਹੀਂ ਜਾ ਸਕਦਾ ਸੀ। ਇੱਥੇ ਯੁਰਗਿਸ ਦੀ ਹੋਰ ਲੋਕਾਂ ਨਾਲ਼ ਵੀ ਮੁਲਾਕਾਤ ਹੋਈ ਅਤੇ ਉਸਨੂੰ ਸਮਾਜਵਾਦ ਦੇ ਬਾਰੇ ਵਿੱਚ ਬਹੁਤ ਸਾਰੀਆਂ ਗੱਲਾਂ ਪਤਾ ਲੱਗੀਆਂ। ਯੁਰਗਿਸ ਵੀ ਸਮਾਜਵਾਦ ਦਾ ਕਾਇਲ ਹੋ ਜਾਂਦਾ ਹੈ ਅਤੇ ਖੁਦ ਵੀ ਪ੍ਰਚਾਰ ਵਿੱਚ ਲੱਗ ਜਾਂਦਾ ਹੈ। ਇੱਥੇ ਹੀ ਨਾਵਲ ਸਮਾਪਤ ਹੋ ਜਾਂਦਾ ਹੈ।

'ਜੰਗਲ਼' ਨਾਵਲ ਉਹ ਰਚਨਾ ਸੀ ਜਿਸਨੇ ਗਹਿਰਾ ਸਮਾਜਿਕ ਪ੍ਰਭਾਵ ਛੱਡਿਆ ਸੀ। ਮੈਗਜ਼ੀਨ ਵਿੱਚ ਲਗਾਤਾਰ ਲੜੀਵਾਰ ਛਪਣ ਦੇ ਬਾਅਦ ਜਦ ਪੁਸਤਕ ਰੂਪ ਵਿੱਚ ਇਸਨੂੰ ਪ੍ਰਕਾਸ਼ਿਤ ਕਰਨ ਦੀ ਵਾਰੀ ਆਈ ਛੇ ਪ੍ਰਕਾਸ਼ਿਕ ਸਿੱਧੇ ਤੌਰ 'ਤੇ ਹੱਥ ਖੜੇ ਕਰ ਗਏ। ਜਦੋਂ ਸਿੰਕਲੇਅਰ ਨੇ ਇਸਨੂੰ ਖੁਦ ਪ੍ਰਕਾਸ਼ਿਤ ਕਰਨ ਦਾ ਨਿਰਣਾ ਲਿਆ ਤਾਂ ਡਬਲਸੇ ਇਸਨੂੰ ਪ੍ਰਕਾਸ਼ਿਤ ਕਰਨ ਲਈ ਤਿਆਰ ਹੋ ਗਏ। 1906 ਈ: ਵਿੱਚ ਪੁਸਤਕ ਰੂਪ ਵਿਚ ਆਉਂਦੇ ਹੀ ਇਸ ਦੀ ਨਾਵਲ ਦੀਆਂ 1,50,000 ਕਾਪੀਆਂ ਵਿਕ ਗਈਆਂ ਅਤੇ ਅਗਲੇ ਕੁਝ ਸਾਲਾਂ ਵਿਚ 17 ਭਾਸ਼ਾਵਾਂ ਵਿੱਚ ਇਸਦਾ ਅਨੁਵਾਦ ਹੋ ਚੁੱਕਾ ਸੀ ਇੰਨਾ ਹੀ ਨਹੀਂ ਅਮਰੀਕਾ ਦੇ ਉਸ ਵੇਲੇ ਦੇ ਰਾਸ਼ਟਰਪਤੀ ਥਿਓਡੋਰ ਰੂਜ਼ਵੇਲਟ ਨੇ ਖੁਦ 'ਜੰਗਲ਼' ਨਾਵਲ ਪੜ੍ਹਨ ਬਾਅਦ ਆਪਟਨ ਸਿੰਕਲੇਅਰ ਨਾਲ ਮੁਲਾਕਾਤ ਕੀਤੀ ਅਤੇ ਤੁਰੰਤ ਹੀ ਇੱਕ ਜਾਂਚ ਕਮੇਟੀ ਨਿਯੁਕਤ ਕੀਤੀ ਜਿਸਦੀ ਰਿਪੋਰਟ ਦੇ ਅਧਾਰ 'ਤੇ ਉਸੇ ਸਾਲ ਹੀ 'ਪਿਉਰ ਫੂਡ ਐਂਡ ਡਰਗਜ਼ ਐਕਟ' ਅਤੇ 'ਮੀਟ ਇੰਸਪੈਕਸ਼ਨ ਐਕਟ' ਨਾਮੀ ਦੋ ਕਾਨੂੰਨ ਬਣਾਏ ਅਤੇ ਮਾਸ ਪੈਕਿੰਗ ਉਦਯੋਗ ਦੇ ਮਜ਼ਦੂਰਾਂ ਦੀਆਂ ਜੀਵਨ ਸਥਿਤੀਆਂ ਵਿੱਚ ਸੁਧਾਰ ਕਰਨ ਲਈ ਕੁਝ ਕਦਮ ਉਠਾਏ ਗਏ। ਇਸ ਨਾਵਲ ਨੇ ਮਜ਼ਦੂਰਾਂ ਦੀ ਵਿਆਪਕ ਅਬਾਦੀ ਨੂੰ ਟ੍ਰੇਡ ਯੂਨੀਅਨ ਅਤੇ ਸਮਾਜਵਾਦੀ ਲਹਿਰਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਆਪਟਨ ਸਿੰਕਲੇਅਰ ਨੇ ਕਈ ਵਾਰ ਸਪੱਸ਼ਟ ਕੀਤਾ ਕਿ ਉਸਦਾ ਉਦੇਸ਼ ਪੈਕਿੰਗ ਉਦਯੋਗ ਦੀਆਂ ਅਮਾਨਵੀ ਸਥਿਤੀਆਂ ਨੂੰ ਹੀ ਪੇਸ਼ ਕਰਨਾ ਨਹੀਂ ਸੀ ਸਗੋਂ ਮੁੱਖ ਤੌਰ 'ਤੇ ਉਜਰਤੀ ਗੁਲਾਮੀ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਸੀ। ਉਹਨਾਂ ਨੇ ਦੱਸਿਆ ਕਿ ਨਾਵਲ ਦਾ ਉਦੇਸ਼ ਸਨਅਤੀ ਸਰਮਾਏਦਾਰੀ ਵਿੱਚ ਕਿਰਤੀ ਇਸਤਰੀ–ਪੁਰਸ਼ਾਂ ਦੀਆਂ ਅਮਾਨਵੀ ਸਥਿਤੀਆਂ ਦਾ ਜੀਵਨ ਦਸਤਾਵੇਜ ਪੇਸ਼ ਕਰਨਾ ਸੀ। ਜਾਹਿਰ ਹੈ, ਰੂਜ਼ਵੇਲਟ ਦੁਆਰਾ ਸੁਧਾਰ ਦੇ ਕੁਝ ਕਦਮ ਉਠਾਉਣ ਨਾਲ ਅਮਰੀਕਾ ਦੇ ਮਜ਼ਦੂਰ ਜਮਾਤ ਦੇ ਲਈ ਸਥਿਤੀਆਂ ਬਹੁਤ ਸਾਜ਼ਗਾਰ ਨਹੀਂ ਹੋ ਗਈਆਂ ਸਨ। ਪਰ ਮਜ਼ਦੂਰ ਜਮਾਤ ਦੇ ਸੰਘਰਸ਼ ਅਤੇ ਟਾਕਰੇ ਤੇ ਨਾਲ ਹੀ ਮਜ਼ਦੂਰ ਜਮਾਤ ਦੇ ਭਿਅੰਕਰ ਜੀਵਨ ਚਿਤਰਨ ਦੁਆਰਾ ਇਸ ਨਾਵਲ ਨੇ ਅਸਲ ਵਿੱਚ ਮਜ਼ਦੂਰ ਜਮਾਤ ਦੀ ਸਿਆਸਤ ਨੂੰ ਅੱਗੇ ਵਧਾਇਆ।

ਸਿੰਕਲੇਅਰ ਨੇ ਆਪਣੀਆਂ ਹੋਰ ਵੀ ਰਚਨਾਵਾਂ ਦੁਆਰਾ ਲਗਾਤਾਰ ਸਰਮਾਏਦਾਰੀ ਨੂੰ ਨੰਗਾ ਕੀਤਾ। ਉਸਦੀ ਪ੍ਰਮੁੱਖ ਰਚਨਾਵਾਂ 'ਦਿ ਮੈਟ੍ਰੋਪੋਲੀਸ' (1908), 'ਕਿੰਗ ਕੋਲ' (1917), 'ਆਇਲ' (1927), 'ਬੋਸਟਨ' (1928), 'ਦਿ ਫਿਲਵਰ ਕਿੰਗ' (1937), 'ਨੋ ਪੈਸਾਰਾਨ' (1937), ਅਤੇ 'ਦਿ ਬ੍ਰਾਸ ਚੈਕ' (1919) ਆਦਿ ਸਨ। ਇੱਥੇ ਇਹ ਵੀ ਦੱਸ ਦੇਈਏ ਕਿ ਮਜ਼ਦੂਰ ਜਮਾਤ ਅਤੇ ਉਸਦੇ ਇਤਿਹਾਸਿਕ ਮਿਸ਼ਨ ਪ੍ਰਤੀ ਡੂੰਘੀ ਭਾਵਨਾਤਮਕ ਨਿਸ਼ਠਾ, ਸਰਮਾਏਦਾਰੀ ਲੁੱਟ ਨਾਲ਼ ਜ਼ਬਰਦਸਤ ਘ੍ਰਿਣਾ 'ਤੇ ਮਾਨਵਤਾ ਦੇ ਸੁੰਦਰ ਭਵਿੱਖ ਵਿਚ ਡੂੰਘੀ ਆਸਥਾ ਹੋਣ 'ਤੇ ਵੀ ਉਸਦੀ ਵਿਚਾਰ ਪ੍ਰਕ੍ਰਿਆ ਵਿੱਚ ਅੰਤ ਤੱਕ ਅਨੁਭਵਵਾਦ ਅਤੇ ਪ੍ਰਤੱਖਵਾਦ ਦਾ ਰੁਝਾਣ ਬਣਿਆ ਰਿਹਾ। ਲੈਨਿਨ ਨੇ ਕਿਹਾ ਸੀ ਕਿ ਉਹ ਭਾਵਨਾਵਾਂ ਤੋਂ ਸਮਾਜਵਾਦੀ ਹੈ ਪਰ ਉਸਦਾ ਕੋਈ ਸਿਧਾਂਤਕ **ਪਹੁੰਚ** ਨਹੀਂ ਹੈ। ਉਹਨਾਂ ਨੇ ਸਿਆਸੀ ਜੀਵਨ ਵਿੱਚ ਵੀ ਕਈ ਵਾਰ ਅਨੁਭਵਵਾਦੀ ਢੰਗ ਨਾਲ਼ ਕੰਮ ਕੀਤੇ । ਉਸਨੇ ਪਹਿਲੀ ਸੰਸਾਰ ਜੰਗ ਵਿਚ ਅਮਰੀਕਾ ਦੇ ਸ਼ਾਮਲ ਹੋਣ ਦੇ ਪੱਖ ਵਿੱਚ ਪੋਜ਼ੀਸ਼ਨ ਲਈ, ਜਿਸਨੂੰ ਬਾਅਦ ਵਿੱਚ ਉਸਨੇ ਆਪਣੀ ਇੱਕ ਗਲਤੀ ਦੇ ਰੂਪ ਵਿੱਚ ਪ੍ਰਵਾਨ ਕੀਤਾ। ਸਿੰਕਲੇਅਰ ਦੀਆਂ ਸੋਵੀਅਤ ਸੰਘ ਬਾਰੇ ਕਈ ਸ਼ੰਕਾਵਾਂ ਸਨ। ਉਹ ਜੀਵਨ ਵਿੱਚ ਕਈ ਵਾਰ ਉਦਾਰਵਾਦੀ ਅਤੇ ਸੁਧਾਰਵਾਦੀ ਭਰਮਾਂ ਦਾ ਸ਼ਿਕਾਰ ਹੋਏ ਅਤੇ ਉਹਨਾਂ ਵਿੱਚੋਂ ਅਨੁਭਵਵਾਦੀ ਢੰਗ ਨਾਲ਼ ਹੀ ਉਭਰਦੇ ਰਹੇ। ਮਾਰਕਸਵਾਦ ਅਤੇ ਵਿਗਿਆਨਿਕ ਸਮਾਜਵਾਦ ਦੀ ਸਮਝ ਨਾਲ਼ ਲੈਸ ਨਾ ਹੋਣ ਕਰਕੇ ਕਈ ਵਾਰ ਸੁਧਾਰਵਾਦੀ ਅਤੇ ਸਮਾਜਿਕ ਜਮਹੂਰੀ ਪੋਜ਼ੀਸ਼ਨ ਅਪਨਾਉਂਦੇ ਅਤੇ ਅਮਰੀਕੀ ਮਜ਼ਦੂਰ ਜਮਾਤ ਦੀ ਲਹਿਰ ਜਿਸ ਸੁਧਾਰਵਾਦ, ਟ੍ਰੇਡਯੂਨੀਅਨਵਾਦ, ਆਰਥਿਕਤਾਵਾਦ, ਗੁੱਟਵਾਦ ਅਤੇ ਸਮਝੌਤਾਪ੍ਰਸਤੀ ਦਾ ਸ਼ਿਕਾਰ ਰਹੀ ਸੀ ਉਸਦਾ ਸ਼ਿਕਾਰ ਇਕ ਹੱਦ ਤੱਕ ਉਹ ਵੀ ਰਹੇ ਸਨ।

ਆਪਣੇ ਸਭ ਢਿੱਲੇਪਣ ਦੇ ਬਾਵਜੂਦ ਸਿੰਕਲੇਅਰ 20ਵੀਂ ਸਦੀ ਦੇ ਇੱਕ ਮਹਾਨ ਯਥਾਰਥਵਾਦੀ ਰਚਨਾਕਾਰ ਸਨ ਅਤੇ ਸੰਸਾਰ ਭਰ ਵਿੱਚ ਉਹਨਾਂ ਦਾ ਵੱਡਾ ਪਾਠਕ ਵਰਗ ਸੀ। ਸਪੱਸ਼ਟ ਤੌਰ 'ਤੇ ਉਹਨਾਂ ਨੇ ਮਜ਼ਦੂਰ ਜਮਾਤ ਦਾ ਪੱਖ ਚੁਣਿਆ।ਸਭ ਸਰਮਾਏਦਾਰਾਂ ਕਲਮਘਸੀਟ ਉਸਦੀ ਚਰਚਾ ਘੱਟ ਤੋਂ ਘੱਟ ਕਰਦੇ ਹਨ। ਇਸਦਾ ਇੱਕ ਹੀ ਕਾਰਨ ਹੈ ਕਿ ਸਿੰਕਲੇਅਰ ਦੀਆਂ ਰਚਨਾਵਾਂ ਅੱਜ ਵੀ ਸਰਮਾਏਦਾਰ ਜਮਾਤ ਲਈ ਉਨੀਆਂ ਹੀ ਖਤਰਨਾਕ ਹਨ ਜਿੰਨੀਆਂ 20ਵੀਂ ਸਦੀ ਦੇ ਸ਼ੁਰੂ ਵਿੱਚ ਸਨ। ਅੱਜ ਜਦੋਂ ਸਾਹਿਤ ਵਿੱਚੋਂ ਮਜ਼ਦੂਰ ਜਮਾਤ ਗਾਇਬ ਨਜ਼ਰ ਆਉਂਦੀ ਹੈ ਤਾਂ ਆਪਟਨ ਸਿੰਕਲੇਅਰ ਵਰਗੇ ਰਚਨਾਕਾਰਾਂ ਦੀ ਜ਼ਰੂਰਤ ਹੋਰ ਵੀ ਜ਼ਿਆਦਾ ਹੈ। •

ਐਲਾਨਨਾਮੇ ਦਾ ਫਾਰਮ : ਫਾਰਮ 4
(ਨਿਯਮ 8 ਦੇ ਤਹਿਤ)

ਮੈਗਜ਼ੀਨ ਦਾ ਨਾਂ	ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ
ਮੈਗਜ਼ੀਨ ਦੀ ਭਾਸ਼ਾ	ਪੰਜਾਬੀ
ਆਵਰਤਤਾ	ਮਾਸਿਕ
ਮੈਗਜ਼ੀਨ ਦੀ ਕੀਮਤ	10 ਰੁਪਏ
ਪ੍ਰਕਾਸ਼ਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਕਾਸ਼ਨ ਸਥਾਨ	ਸਰਹਿੰਦ ਸ਼ਹਿਰ, ਪੰਜਾਬ।
ਪ੍ਰਿੰਟਰ ਦਾ ਨਾਂ	ਲਖਵਿੰਦਰ ਸਿੰਘ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਿੰਟਿੰਗ ਪ੍ਰੈੱਸ ਦਾ ਨਾਂ	ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ।
ਸੰਪਾਦਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਮਾਲਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ

ਮੈਂ, ਲਖਵਿੰਦਰ ਸਿੰਘ, ਇਹ ਐਲਾਨ ਕਰਦਾ ਹਾਂ ਕਿ ਉਪਰੋਕਤ ਤੱਥ ਮੇਰੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਿਕ ਸੱਚ ਹਨ।

ਹਸਤਾਖਰ
(ਲਖਵਿੰਦਰ ਸਿੰਘ)
ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

(ਪੰਨਾ 12 ਦਾ ਬਾਕੀ ਹਿੱਸਾ)

ਅਜਿਹਾ ਕਰਨ ਦੌਰਾਨ ਸ਼ਿਕਾਰ ਵਿਅਕਤੀ ਅਜਿਹੀ ਸੱਟ ਜਾਂ ਬਹੁਤ ਜ਼ਿਆਦਾ ਸੱਟਾਂ ਦਾ ਸ਼ਿਕਾਰ ਹੋ ਗਿਆ ਜੋ ਉਸ ਲਈ ਜਾਨਲੇਵਾ ਸਾਬਤ ਹੋਈਆਂ। ਅਕਸਰ ਅਜਿਹਾ ਵੀ ਹੁੰਦਾ ਹੈ ਕਿ ਕੋਈ ਵਿਅਕਤੀ ਪੁਲਿਸ ਦੇ ਕਿਸੇ ਅਧਿਕਾਰੀ ਜਾਂ ਇੱਕ ਆਮ ਸਿਪਾਹੀ ਨਾਲ਼ ਕਿਸੇ ਬਹਿਸ 'ਚ ਉਲਝ ਜਾਂਦਾ ਹੈ ਅਤੇ ਇਸ ਦੀ ਕੀਮਤ ਉਹਨਾਂ ਨੂੰ ਅਣਮਨੁੱਖੀ ਜ਼ੁਲਮ ਸਹਿ ਕੇ ਜਾਂ ਇੱਥੋਂ ਤੱਕ ਕੇ ਮਰ ਕੇ ਵੀ ਅਦਾ ਕਰਨੀ ਪੈਂਦੀ ਹੈ। ਪੁਲਿਸ ਦੇ ਕਿਸੇ ਵਾਹਨ ਨੂੰ ਸਕੂਟਰ-ਕਾਰ ਦੁਆਰਾ ਲੱਗੀ ਝਰੀਟ ਵੀ ਕਿਸੇ ਵਿਅਕਤੀ ਨੂੰ ਬੁਰੀ ਤਰ੍ਹਾਂ ਕੁੱਟਣ-ਮਾਰਨ ਲਈ ਕਾਫੀ ਹੁੰਦੀ ਹੈ। ਇੱਕ ਮਾਮਲਾ ਤਾਂ ਅਜਿਹਾ ਵੀ ਸਾਹਮਣੇ ਆਇਆ ਜਿਸ ਵਿੱਚ ਸ਼ਿਕਾਰ ਵਿਅਕਤੀ ਦਾ ਕਸੂਰ ਸਿਰਫ ਇੰਨਾ ਸੀ ਕਿ ਉਸਨੇ ਪੁਲਿਸ ਦੇ ਦੋ ਸਿਪਾਹੀਆਂ ਤੋਂ ਉਹਨਾਂ ਦੁਆਰਾ ਇੱਕ ਹੋਰ ਵਿਅਕਤੀ ਨੂੰ ਕੁੱਟਣ ਤੇ ਘੜੀਸ ਕੇ ਲੈ ਕੇ ਜਾਣ ਦਾ ਕਾਰਨ ਪੁੱਛ ਲਿਆ।

ਜਿੱਥੇ ਭਾਰਤ 'ਚ ਅੱਜ ਵੀ ਪੁਲਿਸ ਢਾਂਚਾ ਅੰਗਰੇਜ਼ਾਂ ਦੇ ਜਮਾਨੇ ਵਾਂਗ ਹੀ ਕੰਮ ਕਰਦਾ ਹੈ ਅਤੇ ਆਮ ਲੋਕਾਂ ਦੇ ਬੁਨਿਆਦੀ ਜਮਹੂਰੀ ਹੱਕਾਂ ਨੂੰ ਟੁੱਕ 'ਤੇ ਡੇਲੇ ਵਾਂਗ ਜਾਣਦਾ ਹੈ, ਉੱਥੇ ਭਾਰਤ ਦੀ 'ਜਮਹੂਰੀ' ਤੇ ਲੋਕਾਂ ਦੀ ਚੁਣੀ ਹੋਈ ਸਰਕਾਰ ਵੀ ਕੋਈ ਘੱਟ ਨਹੀਂ ਹੈ। ਭਾਰਤ ਸਰਕਾਰ ਹਾਲੇ ਤੱਕ ਤਸ਼ੱਦਦ ਨੂੰ ਨਾ ਸਿਰਫ ਜੰਗ ਦੇ ਸਮੇਂ ਵਿੱਚ ਸਗੋਂ ਆਮ ਹਾਲਤਾਂ ਦੌਰਾਨ ਵੀ, ਮਨੁੱਖਤਾ ਖਿਲਾਫ ਅਪਰਾਧ ਹੀ ਨਹੀਂ ਮੰਨਦੀ। ਬਹੁਤੇ ਪੱਛਮੀ ਦੇਸ਼ ਭਾਵੇਂ ਪੂਰੀ ਤਰ੍ਹਾਂ ਨਹੀਂ, ਪਰ ਕਾਗਜ਼ਾਂ ਵਿੱਚ ਤਾਂ ਅਜਿਹਾ ਮੰਨਦੇ ਹਨ। ਭਾਰਤ ਸਰਕਾਰ ਨੇ ਅਜੇ ਤਸ਼ੱਦਦ ਵਿਰੋਧੀ ਕਾਨੂੰਨ ਪਾਸ ਕਰਨਾ ਹੈ ਜੋ ਲਗਾਤਾਰ ਲਟਕਦਾ ਜਾ ਰਿਹਾ ਹੈ। ਆਖਰ ਸਰਕਾਰਾਂ ਨੂੰ ਲੋੜ ਵੀ ਕੀ ਹੈ? ਅਜਿਹਾ ਢਾਂਚਾ ਤਾਂ ਇਸ ਲੋਟੂ ਢਾਂਚੇ ਦੇ ਹਿੱਤਾਂ ਦੀ ਸੇਵਾ ਕਰਨ ਲਈ ਆਦਰਸ਼ ਰੂਪ ਹੈ ਜਿਸ ਵਿੱਚ ਬਹੁਗਿਣਤੀ ਲੋਕ ਮੁੱਠੀ ਭਰ ਅਮੀਰਾਂ-ਧਨਾਢਾਂ ਦੀ ਲੁੱਟ ਦਾ ਸ਼ਿਕਾਰ ਹਨ ਤੇ ਸਰਕਾਰ ਇਸ ਢਾਂਚੇ ਦੀ ਮੈਨੇਜਿੰਗ ਕਮੇਟੀ ਤੋਂ ਵੱਧ ਹੈ ਵੀ ਕੁਝ ਨਹੀਂ। ਭਾਰਤੀ ਸਮਾਜ 'ਚ ਲਗਾਤਾਰ ਡੂੰਘੇ ਹੁੰਦੇ ਜਾਂਦੇ ਅਮੀਰੀ-ਗਰੀਬੀ ਦੇ ਪਾੜੇ ਅਤੇ ਵਧ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਕਾਰਨ ਇਸ ਢਾਂਚੇ ਦੇ ਹੋਰ ਵੀ ਵਧੇਰੇ ਫਾਸੀਵਾਦੀ ਰੂਪ ਅਖਤਿਆਰ ਕਰਦੇ ਜਾਣ ਦੀ ਸੰਭਾਵਨਾ ਹੈ। ਦੂਜੇ ਪਾਸੇ ਭਾਰਤੀ ਸਮਾਜ ਵਿੱਚ ਡੂੰਘੀਆਂ ਬੈਠੀਆਂ ਗੈਰ-ਜਮਹੂਰੀ ਕਦਰਾਂ-ਕੀਮਤਾਂ ਮਸਲੇ ਨੂੰ ਹੋਰ ਵੀ ਗੰਭੀਰ ਬਣਾ ਦਿੰਦੀਆਂ ਹਨ ਕਿਉਂਕਿ ਭਾਰਤ ਦੇ ਬਹੁਤ ਸਾਰੇ ਲੋਕ ਪੁਲਿਸੀਆ ਤਸ਼ੱਦਦ ਦੇ ਢੰਗ-ਤਰੀਕੇ ਨੂੰ ਗਲਤ ਨਹੀਂ ਸਮਝਦੇ ਜਾਂ ਫਿਰ ਚੁੱਪ-ਚਾਪ ਜਰ ਜਾਂਦੇ ਹਨ। ਭਾਵੇਂ ਪੁਲਿਸੀਆ ਤਸ਼ੱਦਦ ਖਿਲਾਫ ਸਮੇਂ-ਸਮੇਂ 'ਤੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਲੋਕਾਂ ਦਾ ਗੁੱਸਾ ਫੁੱਟਦਾ ਵੀ ਰਹਿੰਦਾ ਹੈ ਅਤੇ ਮਨੁੱਖੀ ਹੱਕਾਂ ਤੇ ਸ਼ਹਿਰੀ ਅਜ਼ਾਦੀ ਲਈ ਲੜਨ ਵਾਲ਼ੀਆਂ ਵੱਖ-ਵੱਖ ਜੱਥੇਬੰਦੀਆਂ ਵੀ ਇਸ ਖਿਲਾਫ ਸੰਘਰਸ਼ ਕਰਦੀਆਂ ਰਹਿੰਦੀਆਂ ਹਨ ਪਰ ਇਸ ਖਿਲਾਫ ਕੋਈ ਵਿਆਪਕ ਜਨਤਕ ਵਿਰੋਧ ਅਜੇ ਜੱਥੇਬੰਦ ਨਹੀਂ ਹੋ ਸਕਿਆ।

•••

6. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ)	10 ਰੁ
7. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਾਹੌਰ)	10 ਰੁ
8. ਗ਼ਦਰੀ ਸੂਰਬੀਰ (ਰਣਧੀਰ ਸਿੰਘ)	10 ਰੁ
9. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ	20 ਰੁ
10. ਸ਼ਹੀਦ ਕਰਤਾਰ ਸਿੰਘ ਸਰਾਭਾ	05 ਰੁ
11. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ)	10 ਰੁ
12. ਡਾ. ਅੰਬੇਡਕਰ ਜੀਵਨ ਅਤੇ ਵਿਚਾਰ (ਰੰਗਨਾਯਕੰਮਾ)	10 ਰੁ

ਦਸਤਕ ਪ੍ਰਕਾਸ਼ਨ, ਲੁਧਿਆਣਾ

1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ)	80.00
2. ਮੇਰੇ ਸ਼ਗਿਰਦੀ ਦੇ ਦਿਨ (ਮੈਕਸਿਮ ਗੋਰਕੀ)	100.00
3. ਮੇਰੇ ਵਿਸ਼ਵ-ਵਿਦਿਆਲੇ (ਮੈਕਸਿਮ ਗੋਰਕੀ)	70.00
4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ)	20.00
5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ)	15.00
6. ਆਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ	15.00
7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ	10.00
8. ਪਹਿਲਾ ਅਧਿਆਪਕ (ਚੰਗੀਜ਼ ਆਇਤਮਾਤੋਵ)	20.00
9. ਸ਼ੋਲੋਖੋਵ ਦੀਆਂ ਕਹਾਣੀਆਂ	30.00
10. ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ)	30.00
11. ਝਾਂਜ (ਅਲੈਗਜ਼ਾਂਦਰ ਫ਼ਦੇਯੇਵ)	100.00
12. ਫ਼ੌਲਾਦੀ ਹੜ੍ਹ (ਅਲੈਗਜ਼ਾਂਦਰ ਸਰਾਫ਼ੀਮੋਵਿਚ)	100.00
13. ਇਕਤਾਲੀਵਾਂ (ਬੋਰਿਸ ਲਵਰੇਨਿਓਵ)	30.00

ਅਨੁਰਾਗ ਟਰੱਸਟ

1. ਇਵਾਨ (ਵਲਾਦੀਮੀਰ ਬਗਾਮੋਲੋਵ)	40.00
2. ਵਾਂਕਾ (ਐਂਤੋਨ ਚੇਖ਼ਵ)	15.00
3. ਕਿਸਮਤ ਆਪੋ ਆਪਣੀ (ਜੈਨੇਂਦਰ)	20.00
4. ਕੋਹਕਾਫ਼ ਦਾ ਕੈਦੀ (ਲਿਓ ਤਾਲਸਤਾਏ)	30.00
5. ਛੱਤ 'ਤੇ ਵਸ ਗਿਆ ਬਿੱਲਾ ਅਤੇ ਤਿੰਨ ਕਹਾਣੀਆਂ (ਵਿਤਾਉਤੇ ਜਿਲਿੰਸਕਾਈਤੇ)	20.00
6. ਅਜੀਬੋ ਗ਼ਰੀਬ ਕਿੱਸੇ (ਹੋਲਗਰ ਪ੍ਰੁੱਕ)	20.00
7. ਦੋ ਹਿੰਮਤੀ ਕਹਾਣੀਆਂ (ਹੋਲਗਰ ਪ੍ਰੁੱਕ)	15.00
8. ਨਵੇਂ ਜ਼ਮਾਨੇ ਦੀਆਂ ਪਰੀ-ਕਥਾਵਾਂ (ਹੋਲਗਰ ਪ੍ਰੁੱਕ)	20.00
9. ਅਸੀਂ ਸੂਰਜ ਨੂੰ ਵੇਖ ਸਕਦੇ ਹਾਂ	10.00

(ਮਿਕੋਲਾ ਗਿਲ, ਦਾਯਰ ਸਲਾਵਕੋਵਿਚ)	
10. ਗੁਫ਼ਾ ਮਾਨਵਾਂ ਦੀਆਂ ਕਹਾਣੀਆਂ (ਮੈਰੀ ਮਾਰਸ)	20.00
11. ਕਿੱਸਾ ਇਹ ਕਿ ਇਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ (ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ)	15.00
12. ਸਦਾਨੰਦ ਦੀ ਛੋਟੀ ਦੁਨੀਆਂ (ਸੱਤਿਆਜੀਤ ਰਾਏ)	10.00

ਕਿਤਾਬਾਂ ਮੰਗਵਾਉਣ ਲਈ ਪਤਾ
ਮੁੱਖ ਦਫ਼ਤਰ :
ਡੀ-68, ਨਿਰਾਲਾ ਨਗਰ, ਲਖਨਊ-226020
ਫੋਨ : 0522-2786782,
ਈਮੇਲ : janchetna@rediffmail.com,
260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ-ਲੋਹਾਰਾ,
ਤਹਿ. ਅਤੇ ਜ਼ਿਲ੍ਹਾ - ਲੁਧਿਆਣਾ।
ਫੋਨ : 98155-87807
ਈਮੇਲ. janchetnapb@gmail.com

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸ਼ਿਵ ਪ੍ਰਿੰਟਰਜ਼, [illegible], ਨੇੜੇ ਟਾਂਡਾ ਫਾਟਕ, ਜਲੰਧਰ,
ਪੰਜਾਬ ਤੋਂ ਛਪਵਾ ਕੇ ਮੁਹੱਲਾ [illegible], ਨੇੜੇ ਬੀ. ਐਸ. ਐਨ. ਐਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ,
ਜ਼ਿਲ੍ਹਾ - ਫ਼ਤਿਹਗੜ੍ਹ ਸਾਹਿਬ-140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿਚੋਂ ਹੋ ਕੇ ਲੰਘਦਾ ਹੈ।

ਜਨਚੇਤਨਾ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

ਮਾਰਕਸਵਾਦ

1. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼ ਅਤੇ ਲੈਨਿਨ) 10 ਰੁ
2. ਰਿਹਾਇਸ਼ੀ ਘਰਾਂ ਦਾ ਸਵਾਲ (ਫਰੈਡਰਿਕ ਏਂਗਲਜ਼) 35 ਰੁ
3. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30 ਰੁ
4. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20 ਰੁ
5. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) 125 ਰੁ
6. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ) 50 ਰੁ
7. ਪੂੰਜੀ ਦੀ ਉਤਪਤੀ (ਮਾਰਕਸ) 45 ਰੁ
8. ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) 60 ਰੁ
9. ਜਰਮਨੀ ਵਿਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) 50 ਰੁ
10. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) 60 ਰੁ
11. ਫ਼ਰਾਂਸ ਅਤੇ ਜਰਮਨੀ ਵਿਚ ਕਿਸਾਨੀ ਦਾ ਸਵਾਲ (ਏਂਗਲਜ਼) 20 ਰੁ
12. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35 ਰੁ
13. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 15 ਰੁ
14. ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) 30 ਰੁ
15. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65 ਰੁ
16. ਕਾਰਲ ਮਾਰਕਸ ਅਤੇ ਉਸਦੀ ਸਿੱਖਿਆ (ਲੈਨਿਨ) 35 ਰੁ
17. ਰਾਜ ਅਤੇ ਇਨਕਲਾਬ (ਲੈਨਿਨ) 50 ਰੁ
18. ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ)
19. ਖੇਤੀ ਵਿਚ ਪੂੰਜੀਵਾਦ (ਲੈਨਿਨ) 15 ਰੁ
20. ਰਾਜ (ਲੈਨਿਨ) 10 ਰੁ
21. ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) 70 ਰੁ
22. ਇਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) 125 ਰੁ
23. ਲੋਕਾਂ ਵਿਚ ਕੰਮ ਕਿਵੇਂ ਕਰੀਏ (ਲੈਨਿਨ) 65 ਰੁ
24. ਸਾਹਿਤ ਅਤੇ ਕਲਾ ਬਾਰੇ (ਲੈਨਿਨ) 150 ਰੁ
25. ਸੋਸ਼ਲਿਜ਼ਮ ਤੇ ਜੰਗ (ਲੈਨਿਨ) 45 ਰੁ
26. ਖੱਬੇ ਪੱਖੀ ਕਮਿਊਨਿਜ਼ਮ ਇਕ ਬਚਗਾਨਾ ਰੋਗ (ਲੈਨਿਨ) 65 ਰੁ
27. ਵਿਰਸਾ ਜਿਸਨੂੰ ਅਸੀਂ ਤਿਆਗਦੇ ਹਾਂ (ਲੈਨਿਨ) 25 ਰੁ
28. ਪ੍ਰੋਲੇਤਾਰੀ ਇਨਕਲਾਬ ਅਤੇ ਗ਼ੱਦਾਰ ਕਾਉਤਸਕੀ (ਲੈਨਿਨ) 70 ਰੁ
29. ਆਰਥਕ ਰੋਮਾਂਸਵਾਦ ਦਾ ਚਰਿੱਤਰ ਚਿਤਰਨ 50 ਰੁ
30. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20 ਰੁ
31. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖਤਾਂ 25 ਰੁ
32. ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) 60 ਰੁ
33. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) 40 ਰੁ

ਮਾਰਕਸਵਾਦ ਤੇ ਹੋਰ ਕਿਤਾਬਾਂ

1. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ਼ ਪੋਲੀਟੀਕਲ ਇਕਾਨਮੀ) 60 ਰੁ
2. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ 10 ਰੁ
3. ਫ਼ਿਲਾਸਫ਼ੀ ਕੋਈ ਗੋਰਖ ਧੰਦਾ ਨਹੀਂ 10 ਰੁ
4. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) 125 ਰੁ
5. ਚੀਨ ਵਿਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) 60 ਰੁ
6. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) 60 ਰੁ
7. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) 100 ਰੁ
8. ਅਜਿੱਤ ਬਾਲਸ਼ਵਿਕ ਨਤਾਸ਼ਾ 30 ਰੁ
9. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿਚ 75 ਰੁ

ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਬਾਰੇ

1. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40 ਰੁ
2. ਇਨਕਲਾਬ ਅੰਦਰ ਇਨਕਲਾਬ (ਆਰਿਸ ਹੇਟਰ) 20 ਰੁ

ਸਮਕਾਲੀ ਸਿਆਸੀ ਸਾਹਿਤ

1. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10 ਰੁ
2. ਗਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05 ਰੁ
3. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10 ਰੁ
4. ਪੈਰਿਸ ਕਮਿਊਨ ਦੀ ਅਮਰ ਕਹਾਣੀ 10 ਰੁ
5. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10 ਰੁ
6. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10 ਰੁ
7. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਾਕੰਮਾ) 15 ਰੁ
8. ਜੰਗਲਨਾਮਾ-ਇਕ ਰਾਜਨੀਤਿਕ ਪੜਚੋਲ 03 ਰੁ
9. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) 10 ਰੁ
10. ਸਮਾਜਵਾਦ ਦੀਆਂ ਸਮੱਸਿਆਵਾਂ ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20 ਰੁ
11. ਕਿਹੋ ਮਾਓਵਾਦ 10 ਰੁ
12. ਭਾਰਤੀ ਖੇਤੀ ਵਿਚ ਪੂੰਜੀਵਾਦੀ ਵਿਕਾਸ 20 ਰੁ
13. ਸੋਵੀਅਤ ਯੂਨੀਅਨ ਸਬੰਧੀ ਪ੍ਰਚਾਰੇ ਜਾਂਦੇ ਝੂਠ 10 ਰੁ
14. ਉਦਾਰਵਾਦੀ ਨੀਤੀਆਂ ਦੇ 18 ਸਾਲ 03 ਰੁ
15. ਚੋਰ ਭ੍ਰਿਸ਼ਟ ਅਯਾਸ਼ ਨੇਤਾਸ਼ਾਹੀ 03 ਰੁ
16. ਧਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60 ਰੁ
17. ਫਾਸੀਵਾਦ ਕੀ ਹੈ ਅਤੇ ਇਸ ਨਾਲ ਕਿਵੇਂ ਲੜੀਏ ? 15 ਰੁ
18. ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) 15 ਰੁ
19. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) 20 ਰੁ
20. ਭਾਰਤ ਦੇ ਇਤਿਹਾਸ ਵਿਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) 10 ਰੁ
21. ਆਈਨਸਟੀਨ ਦੇ ਸਮਾਜਿਕ ਸਰੋਕਾਰ 10 ਰੁ

ਇਨਕਲਾਬੀਆਂ ਦਾ ਜੀਵਨ, ਦਸਤਾਵੇਜ਼ ਅਤੇ ਲੇਖ

1. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20 ਰੁ
2. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10 ਰੁ
3. ਭਗਤ ਸਿੰਘ ਨੇ ਕਿਹਾ... 05 ਰੁ
4. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 10 ਰੁ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10 ਰੁ